28

# ਕੀ ਯਿਸੂ ਨੂੰ ਖਿਆਲ ਹੈ?

### ਬਾਈਬਲ ਪਾਠ #10

V. ਦੂਜੇ ਤੋਂ ਤੀਜੇ ਪਸਾਹ ਤਕ (ਚੱਲਦਾ)।
- ਖ. ਇਕ ਸੂਬੇਦਾਰ ਦੇ ਨੌਕਰ ਨੂੰ ਚੰਗਾ ਕੀਤਾ ਗਿਆ (ਮੱਤੀ 8:1, 5–13; ਲੂਕਾ 7:1–10)।
- ਗ. ਇਕ ਵਿਧਵਾ ਦਾ ਪੁੱਤਰ ਜ਼ਿੰਦਾ ਕੀਤਾ ਗਿਆ (ਲੂਕਾ 7:11–17)।
- ਘ. ਯੂਹੰਨਾ ਬਪਤਿਸਮਾ ਦੇਣ ਵਾਲੇ ਨੂੰ ਜਵਾਬ ਦਿੱਤਾ ਗਿਆ (ਮੱਤੀ 11:2–30; ਲੂਕਾ 7:18–35)।
- ਙ. ਯਿਸੂ ਦੇ ਪੈਰਾਂ ਨੂੰ ਮਸਹ ਕੀਤਾ ਗਿਆ (ਲੂਕਾ 7:36–50)।

### ਜਾਣ ਪਛਾਣ

ਪਹਾੜੀ ਉਪਦੇਸ਼ ਦੇ ਬਾਅਦ ''ਜਾਂ ਯਿਸੂ ਪਹਾੜੋਂ ਉੱਤਰਿਆ, ਤਾਂ ਵੱਡੀ ਭੀੜ ਉਸ ਦੇ ਮਗਰ ਲਗ ਪਈ'' (ਮੱਤੀ 8:1)। ਉਸ ਦੇ ਬਾਅਦ ਤਾਂ ਮਸੀਹ ਜਿੱਥੇ ਵੀ ਜਾਂਦਾ, ਭੀੜ ਉਸ ਦੇ ਨਾਲ ਨਾਲ ਰਹਿੰਦੀ ਸੀ (ਵੇਖੋ ਲੂਕਾ 7:9, 11)।[1] ਪਰ ਯਿਸੂ ਨੇ ਆਪਣੇ ਆਲੇ ਦੁਆਲੇ ਲੋਕਾਂ ਨੂੰ ਭੀੜ ਦੇ ਰੂਪ ਵਿਚ ਨਹੀਂ, ਬਲਕਿ ਲੋੜਵੰਦ ਲੋਕਾਂ ਦੇ ਰੂਪ ਵਿਚ ਵੇਖਿਆ। ਲੂਕਾ 7:13 ਦਾ ਇਕ ਵਾਕੰਸ਼ ਮਸੀਹ ਦੇ ਵਿਹਾਰ ਨੂੰ ਵਿਖਾਉਂਦਾ ਹੈ: ''ਪ੍ਰਭੂ ਨੇ ਉਸ ਨੂੰ ਵੇਖ ਕੇ ਉਸ ਦੇ ਉੱਤੇ *ਤਰਸ ਖਾਧਾ,* ...।''

ਇਸ ਪਾਠ ਵਿਚ ਅਸੀਂ ਮਹਾਨ ਗਲੀਲੀ ਸੇਵਕਾਈ ਦਾ ਅਧਿਐਨ ਜਾਰੀ ਰੱਖਾਂਗੇ। ਮੈਂ ਇਸ ਪਾਠ ਨੂੰ ''ਕੀ ਯਿਸੂ ਨੂੰ ਧਿਆਨ ਹੈ?'' ਨਾਮ ਦੇ ਰਿਹਾ ਹਾਂ।[2] ਵਚਨ ਦੀਆਂ ਇਨ੍ਹਾਂ ਆਇਤਾਂ ਵਿਚ ਆਪਣੇ ਇਰਦ ਗਿਰਦ ਦੇ ਲੋਕਾਂ ਲਈ ਯਿਸੂ ਦੇ ਧਿਆਨ ਅਤੇ ਤਰਸ ਦੀਆਂ ਚਾਰ ਸਪੱਸ਼ਟ ਉਦਾਹਰਨਾਂ ਮਿਲਦੀਆਂ ਹਨ। ਚਾਰੇ ਘਟਨਾਵਾਂ ਲੂਕਾ ਦੀ ਕਿਤਾਬ ਵਿਚ ਹਨ, ਸੋ ਮੈਂ ਪਾਠ ਦੇ ਮੂਲ ਸ੍ਰੋਤ ਦੇ ਰੂਪ ਵਿਚ ਲੂਕਾ ਦੀ ਇੰਜੀਲ ਹੀ ਵਰਤ ਰਿਹਾ ਹਾਂ। ਦੋ ਘਟਨਾਵਾਂ ਮੱਤੀ ਦੀ ਕਿਤਾਬ ਵਿੱਚੋਂ ਹਨ, ਜਿਨ੍ਹਾਂ ਦੀ ਵਰਤੋਂ ਮੈਂ ਵਾਧੂ ਵਸੀਲਿਆਂ ਦੇ ਰੂਪ ਵਿਚ ਕਰ ਰਿਹਾ ਹਾਂ।

### ਬੀਮਾਰੀ ਦੇ ਸਾਡੇ ਘਰਾਂ ਤੇ ਹਮਲਾ ਕਰਨ ਵੇਲੇ ਯਿਸੂ ਨੂੰ ਧਿਆਨ ਹੁੰਦਾ ਹੈ (ਮੱਤੀ 8:5-13; ਲੂਕਾ 7:1-10)

ਆਪਣਾ ਪਹਾੜੀ ਉਪਦੇਸ਼ ਖ਼ਤਮ ਕਰਨ ਪਿੱਛੋਂ, ਯਿਸੂ ਕਫ਼ਰਨਾਹੂਮ ਨੂੰ ਪਰਤ ਗਿਆ (ਲੂਕਾ 7:1)। ਉੱਥੇ, ਇਹ ਸੂਬੇਦਾਰ ਨੇ ਆਪਣੇ ਸੇਵਕ ਨੂੰ ਚੰਗਾ ਕਰਨ ਲਈ ਬੇਨਤੀ ਕਰਨ ਲਈ ਕੁਝ ਯਹੂਦੀਆਂ ਨੂੰ ਮਸੀਹ ਕੋਲ ਭੇਜਿਆ (ਲੂਕਾ 7:2–5)।[3] ਸ਼ਾਇਦ ਉਸ ਨੇ ਇਕ ਸਾਥੀ ਦੇ ਪੁੱਤਰ ਨੂੰ ਯਿਸੂ ਵੱਲੋਂ ਚੰਗਾ ਕਰਨ ਦੀ ਪਹਿਲਾਂ ਗੱਲ ਸੁਣੀ ਸੀ (ਯੂਹੰਨਾ 4:46–54)।[4]

ਸੂਬੇਦਾਰ ਸੌ ਨਾਲੋਂ ਵੱਧ ਸਿਪਾਹੀਆਂ ਉੱਤੇ ਰੋਮੀ ਅਫ਼ਸਰ ਹੁੰਦਾ ਸੀ (ਜਿਵੇਂ ਉਸਦੇ ਅਹੁਦੇ ਤੋਂ ਸੰਕੇਤ ਮਿਲਦਾ ਹੈ)।[5] ਇਸ ਸੂਬੇਦਾਰ ਦੇ ਯਹੂਦੀ ਫ਼ਿਰਕੇ ਨਾਲ ਚੰਗੇ ਸਬੰਧ ਸਨ। ਉਸ ਨੇ ਉਨ੍ਹਾਂ ਦੀ ਸਿਨਾਗੋਗ ਬਨਾਉਣ ਲਈ ਪੈਸਾ ਦਿੱਤਾ ਸੀ।[6] ਉਹ ''ਖ਼ੁਦਾ ਦਾ ਭੈ ਮੰਨਣ ਵਾਲਾ'' ਵੀ ਹੋ ਸਕਦਾ ਹੈ, ਜਿਸ ਦਾ ਯਕੀਨ ਯਹੋਵਾਹ ਤੇ ਸੀ, ਪਰ ਉਸ ਨੇ ਆਪਣਾ ਧਰਮ ਨਹੀਂ ਬਦਲਿਆ ਸੀ (ਵੇਖੋ ਰਸੂਲਾਂ ਦੇ ਕੰਮ 13:16)।[7] ਹੁਣ ਉਸ ਨੂੰ ਆਪਣੇ ਸੇਵਕ ਦੀ ਫ਼ਿਕਰ ਸੀ।

ਸਾਨੂੰ ਪਤਾ ਚੱਲਦਾ ਹੈ ਕਿ ਉਸ ਅਫ਼ਸਰ ਦੇ ਘਰ ਉਹ ਨੌਕਰ ''ਝੋਲੇ ਦਾ ਮਾਰਿਆ,'' ਬੜੀ ਤਕਲੀਫ਼ ਵਿਚ ਸੀ ਅਤੇ ''ਮਰਨਾਊ ਸੀ'' (ਮੱਤੀ 8:6; ਲੂਕਾ 7:2)। ਲੂਕਾ ਦੇ ਵਿਰਤਾਂਤ ਵਿਚ ਹੈ ਕਿ ਉਹ ਸੂਬੇਦਾਰ ਦਾ ''ਬਹੁਤ ਪਿਆਰਾ'' ਸੀ (7:2)। KJV ਵਿਚ ''ਉਸਨੂੰ ਪਿਆਰਾ ਸੀ'' ਹੈ। ਕੀ ਕਦੇ ਤੁਹਾਡਾ ਕੋਈ ''ਪਿਆਰਾ'' ਦੋਸਤ, ਰਿਸ਼ਤੇਦਾਰ, ਜਾਂ ਤੁਹਾਡੇ ਘਰ ਦਾ ਕੋਈ ਗੰਭੀਰ ਰੂਪ ਵਿਚ ਬੀਮਾਰ ਹੋਇਆ ਹੈ? ਅਗਰ ਹਾਂ ਤਾਂ ਤੁਸੀਂ ਉਸ ਸੂਬੇਦਾਰ ਦੀ ਪਰੇਸ਼ਾਨੀ ਸਮਝ ਸਕਦੇ ਹੋ। ਅਜਿਹੇ ਸਮੇਂ ਵਿਚ ਸਾਨੂੰ ਖਿਆਲ ਆਉਂਦਾ ਹੈ ਕਿ ''ਕੀ ਯਿਸੂ ਨੂੰ ਸਚਮੁਚ ਪਰਵਾਹ ਹੈ?'' ਇਹ ਕਹਾਣੀ ਸਾਨੂੰ ਯਾਦ ਦੁਆਉਂਦੀ ਹੈ ਕਿ ਹਾਂ ਉਸ ਨੂੰ ਸਾਡੀ ਪਰਵਾਹ ਹੈ।

ਯਿਸੂ ਉਸ ਸਿਪਾਹੀ ਦੇ ਘਰ ਜਾਣ ਨੂੰ ਤਿਆਰ ਹੋ ਗਿਆ, ਪਰ ਉਸ ਨੇ ਸੁਨੇਹਾ ਘੱਲ ਦਿੱਤਾ ਕਿ ਉਹ ਇਸ ਕਾਬਲ ਨਹੀਂ ਹੈ ਕਿ ਮਸੀਹ ਉਹਦੇ ਘਰ ਪੈਰ ਪਾਵੇ। ਉਸ ਨੇ ਯਿਸੂ ਦੇ ਰੂਹਾਨੀ ਇਖ਼ਤਿਆਰ ਨੂੰ ਮੰਨਿਆ (ਲੂਕਾ 7:6–8)। ''ਯਿਸੂ ਨੇ ਇਹ ਸੁਣ ਕੇ ਅਚਰਜ ਮੰਨਿਆ ਅਤੇ ਉਨ੍ਹਾਂ ਨੂੰ ਜਿਹੜੇ ਮਗਰ ਮਗਰ ਆਉਂਦੇ ਸਨ ਆਖਿਆ ਭਈ ਮੈਂ ਸਤ ਆਖਦਾ ਹਾਂ ਕਿ ਇਸਰਾਏਲ ਵਿਚ ਵੀ ਮੈਂ ਐਡੀ ਨਿਹਚਾ ਨਹੀਂ ਵੇਖੀ!'' (ਮੱਤੀ 8:10)।[8] ''ਅਤੇ ਨੌਕਰ ਉਸੇ ਘੜੀ ਚੰਗਾ ਹੋ ਗਿਆ'' (ਮੱਤੀ 8:13)।

ਯਿਸੂ ਅੱਜ ਧਰਤੀ ਤੇ ਵਿਚਰ ਨਹੀਂ ਰਿਹਾ ਅਤੇ ਮੋਅਜਜ਼ੇ ਕਰਨ ਦਾ ਉਹਦਾ ਸਮਾਂ ਵੀ ਬੀਤ ਗਿਆ ਹੈ; ਪਰ ਅੱਜ ਵੀ ਸਾਡੇ ਘਰਾਂ ਤੇ ਬੀਮਾਰੀ ਹਮਲਾ ਕਰਦੀ ਹੈ ਤਾਂ ਉਸ ਨੂੰ ਸਾਡੀ ਪਰਵਾਹ ਹੁੰਦੀ ਹੈ। ਉਹ ਹਰ ਰੋਜ਼ ਸਾਨੂੰ ਤਾਕਤ ਬਖ਼ਸ਼ਦਾ ਹੈ (ਇਬਰਾਨੀਆਂ 13:5, 6)।

ਭਲਾ ਯਿਸੂ ਪਰਵਾਹ ਕਰਦਾ ਹੈ, ਜਦ ਮੇਰਾ ਦਿਲ ਦੁਖੀ ਹੁੰਦਾ ਹੈ
ਐਨਾ ਦੁਖੀ ਕਿ ਹਾਸਾ ਅਤੇ ਗੀਤ ਜ਼ਬਾਨ ਤੇ ਨਹੀਂ ਆਉਂਦੇ;
ਪਰੇਸ਼ਾਨੀਆਂ ਦਬਾਉਂਦੀਆਂ, ਅਤੇ ਫ਼ਿਕਰਾਂ ਡੁਬਾਉਂਦੀਆਂ ਹਨ,
ਅਤੇ ਪੈਂਡਾ ਔਖਾ ਅਤੇ ਲੰਮਾਂ ਹੋਈ ਜਾਂਦਾ ਹੈ?

ਹਾਂ, ਉਹਨੂੰ ਪਰਵਾਹ ਹੁੰਦੀ ਹੈ; ਮੈਨੂੰ ਪਤਾ ਹੈ ਉਹ ਪਰਵਾਹ ਕਰਦਾ ਹੈ,
ਉਹਦਾ ਦਿਲ ਮੇਰੇ ਦੁੱਖ ਨਾਲ ਦੁਖੀ ਹੁੰਦਾ ਹੈ;
ਜਦ ਦਿਨ ਲੰਘਦੇ ਨਹੀਂ ਅਤੇ ਰਾਤਾਂ ਕੱਟਣੀਆਂ ਔਖੀਆਂ ਹੁੰਦੀਆਂ ਹਨ,
ਮੈਂ ਜਾਣਦਾ ਹਾਂ ਮੇਰੇ ਮੁਕਤੀਦਾਤੇ ਨੂੰ ਮੇਰੀ ਪਰਵਾਹ ਹੁੰਦੀ ਹੈ।[9]

## ਮੌਤ ਦੇ ਸਾਡੇ ਦਿਲਾਂ ਨੂੰ ਤੋੜ ਦੇਣ ਤੇ ਯਿਸੂ ਨੂੰ ਧਿਆਨ ਹੁੰਦਾ ਹੈ (ਲੂਕਾ 7:11-17)

''ਥੋੜ੍ਹੇ ਦਿਨ ਬਾਅਦ''[10] ਮਸੀਹ ਨਾਇਨ ਨਗਰ ਨੂੰ ਚਲਿਆ ਗਿਆ (7:11), ਜੋ ਕਫ਼ਰਨਾਹੂਮ ਦੇ ਦੱਖਣ–ਪੱਛਮ ਵੱਲ ਵੀਹ ਜਾਂ ਇਸ ਤੋਂ ਵੱਧ ਮੀਲ ਦੂਰ ਸੀ।[11] ਜਦੋਂ ਯਿਸੂ, ਆਪਣੇ ਚੇਲਿਆਂ ਅਤੇ ਹਰ ਵੇਲੇ ਨਾਲ ਰਹਿਣ ਵਾਲੀ ਭੀੜ ਦੇ ਨਾਲ ''ਉਹ ਨਗਰ ਦੇ ਫਾਟਕ ਦੇ ਨੇੜੇ ਆ ਪੁੱਜਿਆ ਤਾਂ ਵੇਖੋ ਇਕ ਮੁਰਦੇ ਨੂੰ ਬਾਹਰ ਲਈ ਜਾਂਦੇ ਸਨ ਜੋ ਆਪਣੀ ਮਾਂ ਦਾ ਇੱਕੋ ਹੀ ਪੁੱਤਰ ਸੀ ਅਤੇ ਉਹ ਵਿਧਵਾ ਸੀ ਅਰ ਨਗਰ ਦੀ ਵੱਡੀ ਭੀੜ ਉਹ ਦੇ ਨਾਲ ਸੀ'' (ਆਇਤ 12)।

ਉਸ ਜ਼ਮਾਨੇ ਵਿਚ, ਵਿਧਵਾ ਨੂੰ ਬੇਸਹਾਰਾ ਸਮਝਿਆ ਜਾਂਦਾ ਸੀ। ਆਪਣੇ ਪਤੀ ਦੀ ਮੌਤ ਦੇ ਬਾਅਦ, ਘੱਟੋ ਘੱਟ ਇਸ ਔਰਤ ਦਾ ਸਹਾਰਾ ਉਸ ਦਾ ਇਕ ਪੁੱਤਰ ਤਾਂ ਹੈ ਸੀ। ਫਿਰ ਇਕ ਹੋਰ ਮੁਸੀਬਤ ਆਣ ਪਈ ਜਿਸ ਨਾਲ ਉਸ ਦਾ ਇਕਲੌਤਾ ਪੁੱਤਰ ਮਰ ਗਿਆ। ਉਸ ਦੀ ਬੁਢਾਪੇ ਦੀ ਲਾਠੀ ਟੁੱਟ ਗਈ। ਤੁਹਾਡੇ ਵਿੱਚੋਂ ਕਈ ਲੋਕ ਸਮਝ ਸਕਦੇ ਹਨ ਕਿ ਉਸ ਔਰਤ ਦੀ ਹਾਲਤ ਕਿਹੋ ਜਿਹੀ ਹੋਵੇਗੀ। ਤੁਹਾਡਾ ਕੋਈ ਨਜ਼ਦੀਕੀ ਹੋਵੇਗਾ ਜਿਸ ਨੂੰ ਤੁਸੀਂ ਆਪਣੀ ਜਾਨ ਨਾਲੋਂ ਵੱਧ ਚਾਹੁੰਦੇ ਸੀ, ਪਰ ਉਹ

ਮਰ ਗਿਆ। ਤੁਹਾਨੂੰ ਇਵੇਂ ਲੱਗਾ ਹੋਵੇਗਾ ਜਿਵੇਂ ਤੁਹਾਡਾ ਕਲੇਜਾ ਪਾਟ ਕੇ ਬਾਹਰ ਆ ਗਿਆ ਹੋਵੇ।

ਜਦ ਮੌਤ ਲੋਕਾਂ ਦੇ ਦਿਲ ਤੋੜਦੀ ਹੈ ਤਾਂ ਕੀ ਯਿਸੂ ਨੂੰ ਧਿਆਨ ਹੁੰਦਾ ਹੈ? ਆਇਤ 13 ਕਹਿੰਦੀ ਹੈ ਕਿ ਨਾਇਨ ਦੀ ਉਸ ਵਿਧਵਾ ਨੂੰ ਵੇਖ ਕੇ ''ਪ੍ਰਭੂ ਨੇ ਉਸ ਨੂੰ ਵੇਖ ਕੇ ਉਸ ਦੇ ਉੱਤੇ ਤਰਸ ਖਾਧਾ।'' ਜਦੋਂ ਸਾਡੀਆਂ ਅੱਖਾਂ ਵਿਚ ਹੰਝੂ ਆਉਂਦੇ ਹਨ ਤਾਂ ਸਾਡੇ ਉੱਤੇ ਵੀ ਉਹ ਤਰਸ ਖਾਂਦਾ ਹੈ (ਯਾਕੂਬ 5: 11)।

ਮਸੀਹ ਨੇ ਉਸ ਔਰਤ ਨੂੰ ਨਾ ਰੋਣ ਲਈ ਆਖਿਆ (ਆਇਤ 13)। ਫਿਰ ਉਸ ਨੇ ਸਿੜ੍ਹੀ ਨੂੰ ਛੂਹਿਆ[12] ਅਤੇ ਉਸ ਦੇ ਪੁੱਤਰ ਨਾਲ ਗੱਲ ਕੀਤੀ: ''ਹੇ ਜੁਆਨ ਮੈਂ ਤੈਨੂੰ ਆਖਦਾ ਹਾਂ, ਉੱਠ!'' (ਆਇਤ 14)। ''ਤਾਂ ਉਹ ਮੁਰਦਾ ਉੱਠ ਬੈਠਾ [ਇਹ ਵਿਖਾਉਂਦਿਆਂ ਕਿ ਉਸ ਦਾ ਸਰੀਰ ਚੰਗਾ ਹੋ ਗਿਆ] ਅਤੇ ਬੋਲਣ ਲੱਗ ਪਿਆ [ਇਹ ਵਿਖਾਉਂਦਿਆਂ ਕਿ ਉਸ ਦਾ ਦਿਮਾਗ ਠੀਕ ਕੰਮ ਕਰ ਰਿਹਾ ਸੀ]'' (ਆਇਤ 15)।

ਯਿਸੂ ਦੀ ਸੇਵਕਾਈ ਵਿਚ[13] ਮੁਰਦੇ ਨੂੰ ਜ਼ਿੰਦਾ ਕਰਨ ਦੀ ਇਹ ਪਹਿਲੀ ਘਟਨਾ ਹੈ, ਪਰ ਇਹ ਬੀਮਾਰਾਂ ਨੂੰ ਚੰਗੇ ਕਰਨ ਦੇ ਉਸ ਦੇ ਕੰਮ ਦਾ ਵਿਸਥਾਰ ਹੀ ਸੀ। ਦੋਵੇਂ ਹੀ ਕਿਸਮ ਦੇ ਮੋਅਜਜ਼ੇ ਸਰੀਰਕ ਦੇਹ ਨੂੰ ਨਾਸ ਕਰਨ ਵਾਲੀਆਂ ਸ਼ਕਤੀਆਂ ਨੂੰ ਨਸਾ ਦਿੰਦੇ ਹਨ। ਕੋਈ ਵੀ ਜੋ ਜਿਸਮ ਨੂੰ ਚੰਗਾ ਕਰਨ ਦੀ ਸ਼ਕਤੀ ਹੋਣ ਦਾ ਦਾਅਵਾ ਕਰਦਾ ਹੈ, ਉਸ ਨੂੰ ਮੁਰਦਾ ਜ਼ਿੰਦਾ ਕਰਨ ਵਿਚ ਵੀ ਸਮਰੱਥ ਹੋਣਾ ਚਾਹੀਦਾ ਹੈ।[14]

ਉਸ ਜਵਾਨ ਨੂੰ ਬੈਠਿਆਂ ਵੇਖ ਕੇ ਉੱਥੇ ਮੌਜੂਦ ਸਭ ਲੋਕ ਦੰਗ ਰਹਿ ਗਏ। '' ... ਅਤੇ ਪਰਮੇਸ਼ੁਰ ਦੀ ਵਡਿਆਈ ਕਰ ਕੇ ਬੋਲੇ ਭਈ ਸਾਡੇ ਵਿਚ ਵੱਡਾ ਨਬੀ ਉੱਠਿਆ, ਨਾਲੇ ਪਰਮੇਸ਼ੁਰ ਨੇ ਆਪਣੀ ਪਰਜਾ ਉੱਤੇ ਨਿਗਾਹ ਕੀਤੀ'' (ਆਇਤ 16)।

ਕਹਾਣੀ ਦਾ ਮੇਰਾ ਪਸੰਦੀਦਾ ਭਾਗ ਆਇਤ 15 ਦਾ ਅਖ਼ੀਰ ਹੈ: ''ਤਾਂ ਉਸ ਨੇ ਉਹਨੂੰ ਉਹਦੀ ਮਾਂ ਨੂੰ ਸੌਂਪ ਦਿੱਤਾ।'' ਤੁਸੀਂ ਉਸ ਜਵਾਨ ਦਾ ਹੱਥ ਉਸ ਦੀ ਮਾਂ ਦੇ ਹੱਥ ਵਿਚ ਦਿੰਦੇ ਹੋਏ ਮਸੀਹ ਦੀ ਕੋਮਲਤਾ ਦੀ ਕਲਪਨਾ ਕਰ ਸਕਦੇ ਹੋ? ਕੀ ਤੁਸੀਂ ਉਸ ਮਾਂ ਦੀਆਂ ਗੱਲਾਂ ਤੇ ਇਸ ਘਟਨਾ ਨਾਲ ਡਿੱਗਦੇ ਹੰਝੂ ਵੇਖ ਸਕਦੇ ਹੋ?

ਅੱਜ ਮੋਅਜਜ਼ੇ ਨਹੀਂ ਹੁੰਦੇ। ਪਰ ਇਸਦਾ ਮਤਲਬ ਇਹ ਨਹੀਂ ਕਿ ਜਦ ਮੌਤ ਤੋੜ ਕੇ ਰੱਖ ਦਿੰਦੀ ਹੈ ਤਾਂ ਯਿਸੂ ਨੂੰ ਪਰਵਾਹ ਨਹੀਂ ਹੁੰਦੀ। ਉਹ ਸਾਨੂੰ ਉਸ ਦਿਨ ਲਈ ਸਮਰਥ ਦਿੰਦਾ ਹੈ (ਯਿਰਮਿਯਾਹ 16: 19) ਅਤੇ ਅਸੀਂ ਉਸ ਮਹਾਨ ਦਿਨ ਦੀ ਰਾਹ ਤੱਕਦੇ ਹਾਂ, ਜਦ ਉਹ ਮੁਰਦਿਆਂ ਨੂੰ ਜਿਵਾਏਗਾ ਅਤੇ ਅਸੀਂ ਆਪਣੇ ਪਿਆਰਿਆਂ ਨੂੰ ਫੇਰ ਮਿਲਾਂਗੇ (ਥੱਸਲੁਨੀਕੀਆਂ 4: 13–18)।

ਭਲਾ ਯਿਸੂ ਪਰਵਾਹ ਕਰਦਾ ਹੈ, ਜਦ ਮੈਂ
ਧਰਤੀ ਤੇ ਆਪਣੇ ਸਭ ਤੋਂ ਅਜ਼ੀਜ਼ ਨੂੰ
''ਅਲਵਿਦਾ'' ਆਖਦਾ ਹਾਂ,
ਅਤੇ ਮੇਰਾ ਦੁਖੀ ਮਨ ਟੁੱਟ ਜਾਣ ਵਾਲਾ ਹੋਵੇ
ਕੀ ਉਸ ਨੂੰ ਫ਼ਰਕ ਪੈਂਦਾ ਹੈ? ਕੀ ਉਹ ਵੇਖਦਾ ਹੈ?

ਹਾਂ, ਉਹਨੂੰ ਪਰਵਾਹ ਹੁੰਦੀ ਹੈ; ਮੈਨੂੰ ਪਤਾ ਹੈ ਉਹ ਪਰਵਾਹ ਕਰਦਾ ਹੈ,
ਉਹਦਾ ਦਿਲ ਮੇਰੇ ਦੁੱਖ ਨਾਲ ਦੁਖੀ ਹੁੰਦਾ ਹੈ;
ਜਦ ਦਿਨ ਲੰਘਦੇ ਨਹੀਂ ਅਤੇ ਰਾਤਾਂ ਕੱਟਣੀਆਂ ਔਖੀਆਂ ਹੁੰਦੀਆਂ ਹਨ,
ਮੈਂ ਜਾਣਦਾ ਹਾਂ ਮੇਰੇ ਮੁਕਤੀਦਾਤੇ ਨੂੰ ਮੇਰੀ ਪਰਵਾਹ ਹੁੰਦੀ ਹੈ।

## ਸ਼ੱਕ ਦੇ ਸਾਡੇ ਦਿਲਾਂ ਨੂੰ ਦੁਖੀ ਕਰਨ ਤੇ ਯਿਸੂ ਨੂੰ ਸਾਡਾ ਧਿਆਨ ਹੁੰਦਾ ਹੈ (ਮੱਤੀ 11:2-30; ਲੂਕਾ 7:18-35)

ਯਿਸੂ ਵੱਲੋਂ ਮੁਰਦੇ ਨੂੰ ਜ਼ਿੰਦਾ ਕਰਨ ਦੀ ਗੱਲ ਪੂਰੇ ਦੇਸ਼ ਵਿਚ, ਏਥੋਂ ਤੋੜੀਂ ਕਿ ਯਹੂਦੀਆ ਦੇ ਦੱਖਣ ਤਕ ਫੈਲ ਗਈ (ਲੂਕਾ 7:17[15]), ਜਿੱਥੇ ਹੇਰੋਦੇਸ ਨੇ ਯੂਹੰਨਾ ਨੂੰ ਕੈਦ ਕੀਤਾ ਸੀ। ਜੋਸਿਫ਼ਸ ਮੁਤਾਬਕ, ਯੂਹੰਨਾ ਬਪਤਿਸਮਾ ਦੇਣ ਵਾਲੇ ਨੂੰ ਖਾਰੇ ਸਮੁੰਦਰ ਦੇ ਪੂਰਬੀ ਕੰਢੇ, ਮਕੇਰਸ ਨਾਮਕ ਥਾਂ ਤੇ ਹੇਰੋਦੇਸ ਦੇ ਮਹਿਲ ਵਿਚ ਕੈਦੀ ਬਣਾ ਕੇ ਰੱਖਿਆ ਗਿਆ ਸੀ।[16]

ਜਦੋਂ ਯੂਹੰਨਾ ਦੇ ਚੇਲਿਆਂ ਨੇ ਉਸ ਨੂੰ ਮਸੀਹ ਦੇ ਕੰਮ ਬਾਰੇ ਦੱਸਿਆ, ਤਾਂ ਉਸ ਨੇ ਪ੍ਰਭੂ ਕੋਲ ਦੋ ਜਣਿਆਂ ਨੂੰ ਇਹ ਪੁੱਛਣ ਲਈ ਭੇਜਿਆ[17] ਕਿ ''ਜਿਹੜਾ ਆਉਣ ਵਾਲਾ ਸੀ ਉਹ ਤੂੰ ਹੀ ਹੈਂ ਯਾ ਅਸੀਂ ਕਿਸੇ ਹੋਰ ਨੂੰ ਉਡੀਕੀਏ?'' (ਲੂਕਾ 7:19)। ਯੂਹੰਨਾ ਨੇ ਪਹਿਲਾਂ ''ਜਿਹੜਾ ਮੇਰੇ ਪਿੱਛੋਂ *ਆਉਣ ਵਾਲਾ* ਹੈ'' ਕਹਿਣ ਲਈ ਇਹੀ ਸ਼ਬਦ ਵਰਤਿਆ ਸੀ (ਮੱਤੀ 3:11)।

ਯੂਹੰਨਾ ਦੇ ਬਿਨਾਂ ਕਿਸੇ ਝਿਜਕ ਦੇ ਇਹ ਐਲਾਨ ਕਰਨ ਕਰਕੇ ਕਿ ਯਿਸੂ ਹੀ ਮਸੀਹ ਸੀ (ਜੋ ਆਉਣ ਵਾਲਾ ਸੀ) (ਯੂਹੰਨਾ 1:29–36; 3:23–30), ਕੁਝ ਟੀਕਾਕਾਰ ਇਸ ਸੰਭਾਵਨਾ ਨੂੰ ਮੰਨਣ ਨੂੰ ਤਿਆਰ ਨਹੀਂ ਹਨ ਕਿ ਯੂਹੰਨਾ ਬਪਤਿਸਮਾ ਦੇਣ ਵਾਲਾ ਛੇਤੀ ਹੀ ਪਿੱਛੇ ਹਟ ਜਾਣ ਵਾਲਾ ਸੀ, ਪਰ ਬਾਈਬਲ ਆਪਣੇ ਨਾਇਕਾਂ ਨੂੰ ਕਮੀਆਂ ਤੋਂ ਬਗੈਰ ਨਹੀਂ ਵਿਖਾਉਂਦੀ। ਜੇ ਅਸੀਂ ਬਾਈਬਲ ਦੀ ਗੱਲ ਨੂੰ ਇਸਦੇ ਅਤਿ ਸੁਭਾਵਿਕ ਅਰਥ ਵਿਚ ਲਈਏ, ਤਾਂ ਕਾਲੇ ਕਿਲ੍ਹੇ ਦੇ ਹੇਠਾਂ ਹਨੇਰ ਕੋਠੜੀ ਵਿਚ, ਯੂਹੰਨਾ ਆਪਣੇ ਵਿਸ਼ਵਾਸ ਦੀ ਲੜਾਈ ਲੜ ਰਿਹਾ ਸੀ।

ਮੈਨੂੰ ਇਹ ਸਮਝਣ ਵਿਚ ਕਿ ਇਹ ਕਿਵੇਂ ਹੋਇਆ, ਕੋਈ ਦਿੱਕਤ ਨਹੀਂ ਹੈ। ਪਹਿਲੀ ਗੱਲ ਤਾਂ ਇਹ ਕਿ ਜੰਗਲ ਦੇ ਇਸ ਜ਼ਬਰਦਸਤ ਆਦਮੀ ਨੂੰ ਨਕਾਰਾ ਰਹਿਣ ਲਈ ਮਜਬੂਰ ਕੀਤਾ ਗਿਆ ਸੀ। ਉਸ ਨੂੰ ਕਈ ਮਹੀਨਿਆਂ ਤਕ ਜੇਲ੍ਹ ਵਿਚ ਰੱਖਿਆ ਗਿਆ ਸੀ। ਇਹ ਉਹਦੇ ਦਿਮਾਗ ਨੂੰ ਕਾਬੂ ਕਰਨ ਵਾਂਗ ਸੀ। ਨਾ ਪੂਰੇ ਹੋ ਰਹੇ ਵਿਚਾਰਾਂ ਨੂੰ ਵੱਖ ਰੱਖਣਾ ਦਿਨ–ਬ–ਦਿਨ ਔਖਾ ਹੋ ਰਿਹਾ ਸੀ।

ਇਸ ਦੇ ਇਲਾਵਾ ਯਿਸੂ ਦਾ ਅਜਿਹਾ ਕੋਈ ਏਜੰਡਾ ਨਹੀਂ ਸੀ ਕਿ ਜਿਸ ਦੀ ਯੂਹੰਨਾ ਨੂੰ ਉਮੀਦ ਸੀ। ਯੂਹੰਨਾ ਨੇ ਮਸੀਹਾ ਨੂੰ ਕੁਹਾੜਾ ਚਲਾਉਂਦੇ ਪਿੜ ਨੂੰ ਪੂਰੀ ਤਰ੍ਹਾਂ ਸਾਫ਼ ਕਰਦੇ ਹੋਏ ਆਦਮੀ ਦੇ ਰੂਪ ਵਿਚ ਵਿਖਾਇਆ ਸੀ (ਮੱਤੀ 3:10, 12)।[18] ਰਾਜ ਲਈ ਯੂਹੰਨਾ ਦੀ ਧਾਰਣਾ ਵੀ ਸ਼ਾਇਦ ਹਰ ਯਹੂਦੀ ਵਾਂਗ ਦੁਨਿਆਵੀ ਹੀ ਹੈ (ਰਸੂਲਾਂ ਸਣੇ; ਰਸੂਲਾਂ ਦੇ ਕੰਮ 1:6)। ਉਸ ਨੂੰ ਉਮੀਦ ਹੋਵੇਗੀ ਕਿ ਖ਼ੁਦਾ ਰੋਮ ਨੂੰ ਹਰਾਉਣ ਅਤੇ ਅਧਰਮੀ ਯਹੂਦੀ ਆਗੂਆਂ ਨੂੰ ਨਗਰ ਵਿੱਚੋਂ ਕੱਢਣ ਲਈ ਇਕ ਫ਼ੌਜ ਤਿਆਰ ਕਰੇਗਾ।[19] ਉਸ ਨੂੰ ਆਪਣੇ ਆਪ ਨੂੰ ਛੁਡਾਉਣ ਅਤੇ ਹੇਰੋਦੇਸ ਨੂੰ ਸਜ਼ਾ ਦੇਣ ਲਈ ਮਸੀਹ ਦੇ ਆਉਣ ਦੀ ਉਮੀਦ ਹੋਵੇਗੀ। ਇਸਦੇ ਉਲਟ ਯਿਸੂ ''ਸਿਰਫ਼'' ਸਿੱਖਿਆ ਦਿੰਦਾ ਅਤੇ ਲੋਕਾਂ ਦੀ ਮਦਦ ਕਰਦਾ ਹੋਇਆ ਦੇਸ਼ ਵਿਚ ਜਾ ਰਿਹਾ ਸੀ।

ਹੇਰੋਦੇਸ ਅਤੇ ਹੇਰੋਦਿਆਸ ਦਾ ਚਰਿੱਤਰ ਜਾਣਦੇ ਹੋਏ, ਯੂਹੰਨਾ ਨੇ ਅੰਦਾਜ਼ਾ ਲਾ ਲਿਆ ਹੋਵੇਗਾ ਕਿ ਉਸ ਦੀ ਮੌਤ ਪੱਕੀ ਹੈ। ਇਸ ਲਈ ਇਹ ਹੈਰਾਨੀ ਦੀ ਗੱਲ ਨਹੀਂ ਕਿ ਉਸ ਨੂੰ ਯਕੀਨ ਦੀ ਉਮੀਦ ਸੀ: ''ਕੀ ਮੈਂ ਖ਼ੁਦਾ ਦਾ ਦਿੱਤਾ ਕੰਮ ਪੂਰਾ ਕੀਤਾ ਹੈ ਜਾਂ ਮੇਰੀ ਮਿਹਨਤ ਬੇਕਾਰ ਗਈ ਹੈ?'' ਇਸ ਕਰਕੇ ਉਸ ਨੇ ਇਹ ਪੁੱਛਣ ਲਈ ਆਪਣੇ ਚੇਲਿਆਂ ਨੂੰ ਯਿਸੂ ਕੋਲ ਭੇਜ ਦਿੱਤਾ ਕਿ ''ਜਿਹੜਾ ਆਉਣ ਵਾਲਾ ਸੀ ਉਹ ਤੂੰ ਹੀ ਹੈਂ? ਜਾਂ ਅਸੀਂ ਕਿਸੇ ਹੋਰ ਦੀ ਉਡੀਕ ਕਰੀਏ?'' (ਲੂਕਾ 7:19; KJV)।

ਸਾਡੇ ਸਭਨਾਂ ਦੇ ਮਨਾਂ ਵਿਚ ਕਦੀ ਨਾ ਕਦੀ ਆਪਣੇ ਵਿਸ਼ਵਾਸ ਬਾਰੇ ਸਵਾਲ ਉੱਠਦੇ ਹਨ। ਕਈਆਂ ਨੇ ਤਾਂ ਸ਼ੱਕ ਦੇ ਕਾਲੇ ਸੰਤਾਪ ਨੂੰ ਵੀ ਝੱਲਿਆ ਹੈ। ਇਹ ਜਾਣ ਲਓ ਕਿ ਜਦ ਤਕ ਅਸੀਂ ਖ਼ੁਦਾ ਲਈ ਦਰਵਾਜ਼ਾ ਬੰਦ ਨਹੀਂ ਕਰਦੇ, ਤਦ ਤਕ ਉਹ ਵੀ ਸਾਡੇ ਲਈ ਆਪਣੇ ਦਰਵਾਜ਼ੇ ਬੰਦ ਨਹੀਂ ਕਰਦਾ।[20] ਜਦ ਤਕ ਸਾਡੇ ਮਨ ਈਮਾਨਦਾਰੀ ਨਾਲ ਵਚਨ ਦੀ ਖੋਜ ਕਰਦੇ ਹਨ, ਪ੍ਰਭੂ ਵੀ ਸਾਡੇ ਨਾਲ ਬੱਚਿਆਂ

ਵਾਂਗ ਧੀਰਜ ਰੱਖਦਾ ਹੈ (ਲੂਕਾ 8:15; 1 ਪਤਰਸ 2:2; 1 ਤਿਮੋਥਿਉਸ 1:16)। ਜਦੋਂ ਸ਼ੱਕ ਸਾਡੇ ਮਨਾਂ ਨੂੰ ਸਤਾਉਂਦਾ ਹੈ, ਤਾਂ ਯਿਸੂ ਨੂੰ ਸਾਡਾ ਧਿਆਨ ਹੁੰਦਾ ਹੈ।

ਯੂਹੰਨਾ ਦੇ ਚੇਲਿਆਂ ਨੇ ਮਸੀਹ ਨੂੰ ਚੰਗਿਆਈ ਦਿੰਦਿਆਂ ਰੁੱਝਾ ਪਾਇਆ। ਸਵਾਲ ਸੁਣ ਕੇ ਉਸ ਨੇ ਉਨ੍ਹਾਂ ਨੂੰ ਆਪਣੇ ਗੁਰੂ ਨੂੰ ਇਹ ਦੱਸਣ ਲਈ ਨਹੀਂ ਆਖਿਆ ਕਿ ''ਅਜਿਹੇ ਸਵਾਲ ਪੁੱਛਣ ਲਈ ਤੁਹਾਨੂੰ ਸ਼ਰਮ ਆਉਣੀ ਚਾਹੀਦੀ ਹੈ।'' ਸਗੋਂ, ਉਸ ਨੇ ਉਨ੍ਹਾਂ ਨੂੰ ਆਖਿਆ ''ਜੋ ਕੁਝ ਤੁਸਾਂ ਵੇਖਿਆ ਹੈ ਸੁਣਿਆ ਹੈ, ਜਾਂ ਕੇ ਯੂਹੰਨਾ ਨੂੰ ਕਹਿ ਦਿਓ; ਕਿ ਅੰਨ੍ਹੇ ਸੁਜਾਖੇ ਹੁੰਦੇ ਹਨ, ਲੰਗੜੇ ਤੁਰਦੇ ਹਨ, ਮੁਰਦੇ ਜਿਲਾਏ ਜਾਂਦੇ ਹਨ, ਗਰੀਬਾਂ ਨੂੰ ਖੁਸ਼ਖਬਰੀ ਸੁਣਾਈ ਜਾਂਦੀ ਹੈ'' (ਲੂਕਾ 7:22)। ਇਹ ਜਵਾਬ ਯਸਾਯਾਹ 35:5 ਅਤੇ ਯਸਾਯਾਹ 61:1 ਤੋਂ ਮਸੀਹਾ ਦੀਆਂ ਜਾਣੀਆਂ ਪਛਾਣੀਆਂ ਉਦਾਹਰਨਾਂ ਵੱਲ ਸੰਕੇਤ ਕਰਦਾ ਹੈ। ਯਿਸੂ, ਯੂਹੰਨਾ ਨੂੰ ਇਹ ਯਕੀਨ ਦੁਆਉਣਾ ਚਾਹੁੰਦਾ ਸੀ ਕਿ ਭਾਵੇਂ ਉਹ ਉਸ ਕੰਮ ਨੂੰ ਪੂਰਾ ਨਹੀਂ ਕਰੇਗਾ, ਜਿਹੜਾ *ਲੋਕਾਂ* ਨੇ ਮਸੀਹਾ ਬਾਰੇ ਖ਼ਿਆਲ ਕੀਤਾ ਸੀ, ਬਲਕਿ ਉਹ *ਖ਼ੁਦਾ* ਦੇ ਕੰਮ ਨੂੰ ਪੂਰਾ ਕਰ ਰਿਹਾ ਸੀ।

ਉਸ ਨੇ ਅੱਗੇ ਆਖਿਆ, ''ਧੰਨ ਹੈ ਉਹ, ਜੋ ਮੇਰੇ ਕਾਰਣ ਠੋਕਰ ਨਾ ਖਾਏ'' (ਲੂਕਾ 7:23)।[21] ਦੂਜਿਆਂ ਨੂੰ ਯਿਸੂ ਦੇ ਦਾਅਵਿਆਂ ਨਾਲ ਠੋਕਰ ਲੱਗੀ (ਮੱਤੀ 13:57), ਪਰ ਮਸੀਹਾ ਯੂਹੰਨਾ ਨੂੰ ਉਨ੍ਹਾਂ ਨਾਲ ਨਹੀਂ ਮਿਲਾ ਸਕਦਾ ਸੀ। ਇਹ ਯੂਹੰਨਾ ਨੂੰ ''ਵਿਸ਼ਵਾਸ ਵਿਚ ਬਣੇ ਰਹਿਣ'' ਲਈ ਉਤਸਾਹਿਤ ਕਰਨ ਦਾ ਉਸ ਦਾ ਤਰੀਕਾ ਸੀ। ਇਕ ਵਾਕ ਰਚਨਾ ਵਿਚ ''ਧੰਨ ਹੈ ਉਹ ਜੋ ਮੇਰੇ ਵਿਚ ਨਿਹਚਾ ਨਾ ਛੱਡੇ।''[22]

ਯੂਹੰਨਾ ਦੇ ਸਵਾਲ ਤੋਂ ਯਿਸੂ ਨੇ ਦੋ ਸੰਦੇਸ਼ ਦਿੱਤੇ। ਪਹਿਲਾ ਯੂਹੰਨਾ ਦੀ ਹਮਾਇਤ ਸੀ (ਲੂਕਾ 7:24–30)। ਜੇ. ਡਬਲਯੂ. ਮੈਕਗਰਵੇ ਨੇ ਇਹ ਹੌਸਲਾ ਵਧਾਊ ਵਿਚਾਰ ਲਿਖਿਆ ਹੈ: '' ਚਰਿੱਤਰ ਨਾ ਤਾਂ ਇਕ ਕੰਮ ਨਾਲ ਬਣਦਾ ਹੈ ਅਤੇ ਨਾ ਇਕ ਸ਼ੱਕ ਨਾਲ ਇਹ ਵਿਗੜਦਾ ਹੀ ਹੈ''[23]

ਮਸੀਹ ਨੇ ਜ਼ੋਰ ਦਿੱਤਾ ਕਿ ਯੂਹੰਨਾ ਮਲਾਕੀ ਦੀ ਨਬੂਵਤ ਵਾਲਾ ਦੂਤ ਸੀ (ਲੂਕਾ 7:27; ਮਲਾਕੀ 3:1; ਵੇਖੋ ਮੱਤੀ 11:10; ਮਰਕੁਸ 1:2)– ''ਏਲੀਯਾਹ ਜਿਹੜਾ ਆਉਣ ਵਾਲਾ ਸੀ'' (ਮੱਤੀ 11:14; ਮਲਾਕੀ 4:5)।[24] ਉਸਨੇ ਆਖਿਆ, ''ਜਿਹੜੇ ਤੀਵੀਆਂ ਤੋਂ ਜੰਮੇ ਉਨ੍ਹਾਂ ਵਿੱਚੋਂ ਯੂਹੰਨਾ ਨਾਲੋਂ ਵੱਡਾ ਕੋਈ ਨਹੀਂ'' (ਲੂਕਾ 7:28)। ਕਿੰਨੀ ਸ਼ਾਨਦਾਰ ਤਾਰੀਫ਼ ਹੈ!

ਫਿਰ ਯਿਸੂ ਨੇ ਇਹ ਜ਼ਬਰਦਸਤ ਗੱਲ ਆਖੀ: ''ਪਰ ਜੋ ਪਰਮੇਸ਼ੁਰ ਦੇ ਰਾਜ ਵਿਚ ਛੋਟਾ ਹੈ ਸੋ ਉਸ ਤੋਂ ਵੱਡਾ ਹੈ'' (ਲੂਕਾ 7:28)। ਯਿਸੂ ਵੱਲੋਂ ਯੂਹੰਨਾ ਲਈ ਕਹੀ ਗਈ ਗੱਲ ਦੇ ਬਾਅਦ ਉਸ ਦੇ ਸੱਚ ਹੋਣ ਦਾ ਇੱਕੋ ਸਬੂਤ ਹੈ ਕਿ ਯੂਹੰਨਾ ਬਪਤਿਸਮਾ ਦੇਣ ਵਾਲਾ ਕਦੇ ਉਸ ਦੇ ਰਾਜ ਵਿਚ ਹੈ ਹੀ ਨਹੀਂ ਸੀ। ਇਕ ''ਪੁਰਾਣੀ ਕਹਾਵਤ ਹੈ ਕਿ 'ਸਭ ਤੋਂ ਵੱਡੇ ਬੰਦੇ ਦੀ ਛੋਟੀ ਤੋਂ ਛੋਟੀ ਗੱਲ ਛੋਟੇ ਤੋਂ ਛੋਟੇ ਬੰਦੇ ਦੀ ਵੱਡੀ ਤੋਂ ਵੱਡੀ ਗੱਲ ਨਾਲੋਂ ਵੱਡੀ ਹੁੰਦੀ ਹੈ,' ਇਹ ਤਾਂ ਇਵੇਂ ਹੈ ਜਿਵੇਂ ਛੋਟੇ ਤੋਂ ਛੋਟਾ ਹੀਰਾ ਵੱਡੀ ਤੋਂ ਵੱਡੀ ਚੱਟਾਨ [ਚਕਮਕ ਪੱਥਰ] ਨਾਲੋਂ ਵੱਧ ਕੀਮਤੀ ਹੈ।''[25] ਯੂਹੰਨਾ ਨੇ ਰਾਜ/ਕਲੀਸੀਆ ਲਈ ਰਾਹ ਤਿਆਰ ਕੀਤਾ, ਪਰ ਉਸ ਦਾ ਅਹਿਮ ਭਾਗ ਹੋਣ ਦੀ ਬਰਕਤ ਤੁਹਾਨੂੰ ਅਤੇ ਮੈਨੂੰ ਹੀ ਮਿਲੀ ਹੈ!

ਲੋਕ ਯੂਹੰਨਾ ਲਈ ਮਸੀਹ ਦੀ ਤਾਰੀਫ਼ ਤੋਂ ਖੁਸ਼ ਹੋਏ, ਕਿਉਂਕਿ ਉਸ ਨੇ ਉਨ੍ਹਾਂ ਨੂੰ ਬਪਤਿਸਮਾ ਦਿੱਤਾ ਸੀ (ਲੂਕਾ 7:29)। ਇਸ ਤੋਂ ਯਿਸੂ ਨੂੰ ਯਾਦ ਆਇਆ ਕਿ ਯਹੂਦੀ ਆਗੂ ਯੂਹੰਨਾ ਦੀ ਸਿੱਖਿਆ ਨੂੰ ਨਹੀਂ ਮੰਨ ਰਹੇ ਸਨ: ''ਪਰ ਫ਼ਰੀਸੀਆਂ ਅਤੇ ਸ਼ਰ੍ਹਾ ਦੇ ਸਿਖਾਉਣ ਵਾਲਿਆਂ ਨੇ ਉਸ ਕੋਲੋਂ ਬਪਤਿਸਮਾ ਨਾ ਲੈ ਕੇ ਆਪਣੇ ਲਈ ਪਰਮੇਸ਼ੁਰ ਦੀ ਜੁਗਤ ਨੂੰ ਟਾਲ ਦਿੱਤਾ'' (ਲੂਕਾ 7:30)।

ਇਸ ਨਾਲ ਮਸੀਹ ਨੇ ਬੇਪਰਤੀਤੀ ਤੇ ਦੂਜਾ ਸੰਦੇਸ਼ ਦਿੱਤਾ, ਜਿਸ ਤੋਂ ਉਹ ਹੈਰਾਨ ਅਤੇ ਉਦਾਸ ਸਨ। ਉਸ ਨੇ ਫ਼ਰੀਸੀਆਂ ਨੂੰ ਸੰਤੁਸ਼ਟ ਨਾ ਹੋਣ ਵਾਲੇ ਜ਼ਿੱਦੀ ਬੱਚਿਆਂ ਵਾਂਗ ਬਣ ਜਾਣ ਕਰਕੇ ਝਿੜਕਿਆ:

ਉਨ੍ਹਾਂ ਨੇ ਯੂਹੰਨਾ ਦੀ ਉਸ ਦੇ ਵੈਰਾਗ ਕਰਕੇ ਅਲੋਚਨਾ ਕੀਤੀ ਸੀ, ਅਤੇ ਹੁਣ ਉਨ੍ਹਾਂ ਯਿਸੂ ਤੇ ਉਸ ਦੇ ਮਿਲਣਸਾਰ ਹੋਣ ਲਈ ਦੋਸ਼ ਲਾਇਆ ਸੀ (ਲੂਕਾ 7:31–34)। ਉਸ ਨੇ ਉਨ੍ਹਾਂ ਨਗਰਾਂ ਨੂੰ ਡਾਂਟਿਆ, ਜਿਨ੍ਹਾਂ ਉਸ ਦੇ ਮੋਅਜਜ਼ਿਆਂ ਦਾ ਫ਼ਾਇਦਾ ਚੁੱਕਿਆ ਸੀ,[26] ਜਿਨ੍ਹਾਂ ਦੇ ਲੋਕਾਂ ਨੇ ਇਸ ਦੇ ਬਾਵਜੂਦ ਉਸ ਨੂੰ ਠੁਕਰਾਇਆ ਸੀ (ਮੱਤੀ 11:20–24)।

ਮਸੀਹ ਦਾ ਦੁਖੀ ਮਨ ਆਪਣੇ ਪਿਤਾ ਵੱਲ ਮੁੜਿਆ ਸੀ। ਉਸ ਦੇ ਬੁੱਲ੍ਹਾਂ ਤੇ ਖ਼ੁਦਾ ਦੇ ਇਸ ਧੰਨਵਾਦ ਨਾਲ ਦੁਆ ਨਿਕਲੀ ਕਿ ਉਸ ਨੇ ''ਇਨ੍ਹਾਂ ਗੱਲਾਂ ਨੂੰ ਗਿਆਨੀਆਂ ਅਤੇ ਬੁੱਧਵਾਨਾਂ ਤੋਂ ਗੁਪਤ ਰੱਖਿਆ [ਫ਼ਰੀਸੀਆਂ ਵਰਗੇ ਲੋਕਾਂ ਤੋਂ ਜਿਹੜੇ ਆਪ ਨੂੰ ਸਿਆਣੇ ਸਮਝਦੇ ਸਨ (ਯੂਹੰਨਾ 9:40)], ਅਤੇ ਉਨ੍ਹਾਂ ਨੂੰ ਨਿਆਣਿਆਂ ਉੱਤੇ ਪਰਗਟ ਕੀਤਾ [ਜੋ ਆਪਣੀ ਲੋੜ ਨੂੰ ਮੰਨ ਲੈਣ ਲਈ ਹਲੀਮ ਬਣਦੇ ਹਨ (ਮੱਤੀ 5:3; 18:3)]'' (ਮੱਤੀ 11:25)। ਫਿਰ ਯਿਸੂ ਨੇ ਭੀੜ ਵੱਲ ਮੁੜ ਕੇ ਉਹ ਗੱਲ ਕਹੀ, ਜਿਸ ਨੂੰ ਅਕਸਰ ਵੱਡਾ ਸੱਦਾ ਆਖਿਆ ਜਾਂਦਾ ਹੈ:

> ਹੇ ਸਾਰੇ ਥੱਕੇ ਹੋਇਓ ਅਤੇ ਭਾਰ ਹੇਠ ਦੱਬੇ ਹੋਇਓ, ਮੇਰੇ ਕੋਲ ਆਓ ਤਾਂ ਮੈਂ ਤੁਹਾਨੂੰ ਅਰਾਮ ਦਿਆਂਗਾ। ਮੇਰਾ ਜੂਲਾ[27] ਆਪਣੇ ਉੱਤੇ ਲੈ ਲਵੋ ਅਤੇ ਮੈਥੋਂ ਸਿੱਖੋ ਕਿਉਂ ਜੋ ਮੈਂ ਕੋਮਲ ਅਤੇ ਮਨ ਦਾ ਗ਼ਰੀਬ ਹਾਂ ਅਤੇ ਤੁਸੀਂ ਆਪਣਿਆਂ ਜੀਆਂ ਵਿਚ ਅਰਾਮ ਪਾਓਗੇ। ਕਿਉਂ ਜੋ ਮੇਰਾ ਜੂਲਾ ਹੌਲਾ ਅਤੇ ਮੇਰਾ ਭਾਰ ਹਲਕਾ ਹੈ (ਮੱਤੀ 11:28–30)।

ਬਹੁਤੇ ਲੋਕ ਜ਼ਿੰਦਗੀ ਭਰ ਭਾਰੀ ਬੋਝ ਚੁੱਕਣ ਲਈ ਸੰਘਰਸ਼ ਕਰਦੇ ਰਹਿੰਦੇ ਹਨ। ਸ਼ਾਇਦ ਤੁਸੀਂ ਵੀ ਉਨ੍ਹਾਂ ਵਿੱਚੋਂ ਇਕ ਹੋ। ਸ਼ਾਇਦ ਤੁਸੀਂ ਸ਼ੱਕ ਦੇ ਭਾਰ ਹੇਠ ਹੋ, ਜਿਵੇਂ ਯੂਹੰਨਾ ਸੀ। ਜੇ ਇਹ ਗੱਲ ਹੈ, ਤਾਂ ਅਨੰਦਿਤ ਹੋਵੋ ਕਿ ਯਿਸੂ ਨੂੰ ਤੁਹਾਡੀ ਪਰਵਾਹ ਹੈ।

ਕੀ ਮੇਰਾ ਰਾਹ ਹਨੇਰਾ ਹੋ ਜਾਣ ਤੇ ਅਨਜਾਣੇ ਖ਼ੌਫ਼ ਅਤੇ
ਖ਼ਤਰੇ ਵਿਚ ਯਿਸੂ ਪਰਵਾਹ ਕਰਦਾ ਹੈ?
ਦਿਨ ਦੇ ਚਾਨਣ ਰਾਤ ਦਾ ਘੁੱਪ ਹਨੇਰੇ ਵਿਚ ਬਦਲਣ ਤੇ,
ਕੀ ਉਸ ਨੂੰ ਪਰਵਾਹ ਹੈ ਕਿ ਉਹ ਮੇਰੇ ਨੇੜੇ ਤੇੜੇ ਰਹੇ?

ਹਾਂ, ਉਹਨੂੰ ਪਰਵਾਹ ਹੁੰਦੀ ਹੈ; ਮੈਨੂੰ ਪਤਾ ਹੈ ਉਹ ਪਰਵਾਹ ਕਰਦਾ ਹੈ,
ਉਹਦਾ ਦਿਲ ਮੇਰੇ ਦੁੱਖ ਨਾਲ ਦੁਖੀ ਹੁੰਦਾ ਹੈ;
ਜਦ ਦਿਨ ਲੰਘਦੇ ਨਹੀਂ ਅਤੇ ਰਾਤਾਂ ਕੱਟਣੀਆਂ ਔਖੀਆਂ ਹੁੰਦੀਆਂ ਹਨ,
ਮੈਂ ਜਾਣਦਾ ਹਾਂ ਮੇਰੇ ਮੁਕਤੀਦਾਤੇ ਨੂੰ ਮੇਰੀ ਪਰਵਾਹ ਹੁੰਦੀ ਹੈ।

## ਸਾਡੀਆਂ ਜ਼ਿੰਦਗੀਆਂ ਵਿਚ ਪਾਪ ਭਰ ਜਾਣ ਤੇ ਯਿਸੂ ਨੂੰ ਧਿਆਨ ਹੁੰਦਾ ਹੈ (ਲੂਕਾ 7:36-50)

ਲੂਕਾ 7:36 ਤਾਂ ਜਿਵੇਂ ਇਕ ਅਚੰਭੇ ਵਾਂਗ ਆਉਂਦਾ ਹੈ। ਯਿਸੂ ਵੱਲੋਂ ਫ਼ਰੀਸੀਆਂ ਨੂੰ ਝਿੜਕਣ ਦੇ ਫ਼ੌਰਨ ਬਾਅਦ (ਲੂਕਾ 7:30–35), ਅਸੀਂ ਪੜ੍ਹਦੇ ਹਾਂ, ''ਫਿਰ ਫ਼ਰੀਸੀਆਂ ਵਿੱਚੋਂ ਇਕ ਨੇ ਉਹ ਦੇ ਅੱਗੇ ਅਰਜ਼ ਕੀਤੀ ਜੋ ਮੇਰੇ ਨਾਲ ਰੋਟੀ ਖਾਹ'' (ਆਇਤ 36)।[28] ਇਸ ਫ਼ਰੀਸੀ ਦਾ ਨਾਂਅ ਸ਼ਮਊਨ ਸੀ (ਆਇਤ 40)। ਮਸੀਹ ਵੱਲੋਂ ਉਸਦਾ ਸੱਦਾ ਕਬੂਲ ਕਰ ਲੈਣ ਤੇ, ਜੋ ਕੁਝ ਹੋਇਆ, ਉਸ ਕਹਾਣੀ ਨੂੰ ''ਯਿਸੂ ਦੀ ਪੂਰੀ ਸੇਵਕਾਈ ਦੀ ਸਭ ਤੋਂ ਵੱਧ ਦਿਲ ਨੂੰ ਛੂਹ ਲੈਣ ਵਾਲੀਆਂ ਕਹਾਣੀਆਂ ਵਿੱਚੋਂ ਇਕ'' ਆਖਿਆ ਜਾਂਦਾ ਹੈ।[29]

ਉਸ ਵਿਰਤਾਂਤ ਨੂੰ ਸੰਖੇਪ ਵਿਚ ਵੇਖਣ ਤੋਂ ਪਹਿਲਾਂ,[30] ਮੈਂ ਇਹ ਜ਼ੋਰ ਦੇਣਾ ਚਾਹੁੰਦਾ ਹਾਂ ਕਿ ਇਹ ਮਸਹ ਕਰਨ ਦੀ ਉਹ ਘਟਨਾ ਨਹੀਂ ਹੈ, ਜਿਹੜੀ ਮਸੀਹ ਦੀ ਜ਼ਿੰਦਗੀ ਦੇ ਅਖ਼ੀਰ ਦੇ ਨੇੜੇ ਵਾਪਰੀ ਸੀ (ਮੱਤੀ 26:6–13; ਮਰਕੁਸ 14:3–9; ਯੂਹੰਨਾ 12:3–8)। ਦੋਹਾਂ ਦੀਆਂ ਕੁਝ ਗੱਲਾਂ ਮਿਲਦੀਆਂ ਜੁਲਦੀਆਂ ਹਨ,[31] ਪਰ ਥਾਂ, ਸਮਾਂ, ਮੌਕਾ, ਲੋਕ ਅਤੇ ਨਤੀਜੇ ਫ਼ਰਕ ਸਨ (ਮੈਂ ਇਹ ਵੀ ਧਿਆਨ ਦੁਆਉਣਾ ਚਾਹਾਂਗਾ ਕਿ ਇਸ ਮਸ਼ਹੂਰ ਵਿਚਾਰ ਲਈ ਕਿ ਵਚਨ ਲੂਕਾ 7 ਅਧਿਆਇ ਦੀ ਕਹਾਣੀ ਵਾਲੀ ਪਾਪੀ ਔਰਤ ਦਾ ਨਾਂਅ ਮਰੀਅਮ ਮਗਦਲੀਨੀ ਹੋਣ ਦੀ ਹਾਮੀ ਨਹੀਂ ਭਰਦਾ।[32])

ਆਓ ਕਹਾਣੀ ਵਿਚ ਜਾਂਦੇ ਹਾਂ। ਸਾਨੂੰ ਪੱਕਾ ਪਤਾ ਨਹੀਂ ਹੈ ਕਿ ਸ਼ਮਊਨ ਯਿਸੂ ਨੂੰ ਆਪਣੇ ਘਰ ਕਿਉਂ ਸੱਦਣਾ ਚਾਹੁੰਦਾ ਸੀ।[33] ਜੋ ਵੀ ਕਾਰਣ ਹੋਵੇ, ਪਰ ਉਹ ਬੁਰੀ ਤਰ੍ਹਾਂ ਗੈਰ ਪ੍ਰਾਹੁਣਚਾਰ ਸੀ (ਆਇਤ 44–46)। ਮੇਜ਼ਬਾਨ ਦੀ ਬੇਇੱਜ਼ਤੀ ਦੇ ਉਲਟ, ਕਹਾਣੀ ਇਕ ਪਾਪੀ ਔਰਤ ਦੇ ਪ੍ਰੇਮ ਬਾਰੇ ਦੱਸਦੀ ਹੈ, ਜੋ ਉਸ ਖਾਣੇ ਤੇ ਬਿਨਾਂ ਸੱਦੇ ਆਈ ਸੀ। ਪਿੱਛੇ ਖਲੋ ਕੇ ''ਰੋਂਦੀ ਰੋਂਦੀ ਅੰਝੂਆਂ ਨਾਲ ਉਹ ਦੇ ਚਰਣ ਭਿਉਣ ਲੱਗੀ ਅਤੇ ਆਪਣੇ ਸਿਰ ਦੇ ਵਾਲਾਂ ਨਾਲ ਪੂੰਝ ਕੇ ਉਹ ਦੇ ਚਰਣ ਚੁੰਮੇ ਅਤੇ ਅਤਰ ਮਲਿਆ'' (ਆਇਤ 38)।

ਸ਼ਮਊਨ ਇਹ ਵੇਖ ਕੇ ਹੈਰਾਨ ਰਹਿ ਗਿਆ। ਉਸ ਨੇ ਮਨ ਵਿਚ ਸੋਚਿਆ ਕਿ ''ਇਹ ਮਨੁੱਖ ਜੇ ਨਬੀ ਹੁੰਦਾ[34] ਤਾਂ ਜਾਣ ਲੈਂਦਾ ਕਿ ਇਹ ਤੀਵੀਂ ਜੋ ਉਹ ਨੂੰ ਛੋਹੰਦੀ ਹੈ ਕੌਣ ਅਤੇ ਕਿਹੋ ਜਿਹੀ ਹੈ ਕਿਉਂ ਜੋ ਉਹ ਪਾਪਣ ਹੈ'' (ਆਇਤ 39)। ਉਸ ਫ਼ਰੀਸੀ ਨੂੰ ਲੱਗਿਆ ਕਿ ਉਹ ਜਿਹੜਾ ਇਲਜ਼ਾਮ ਲਾ ਰਿਹਾ ਹੈ ਕਿ ਯਿਸੂ ਕੌਣ ਹੈ; ਅਸਲ ਵਿਚ ਉਹ ਆਪਣੀ ਹੀ ਰੂਹਾਨੀ ਹਾਲਤ ਤੇ ਦੋਸ਼ ਲਾ ਰਿਹਾ ਸੀ।

ਸ਼ਮਊਨ ਦੇ ਮਨ ਦੇ ਖ਼ਿਆਲਾਂ ਨੂੰ ਜਾਣ ਕੇ ਮਸੀਹ ਨੇ ਦੋ ਕਰਜ਼ਾਈਆਂ ਦਾ ਖ਼ੂਬਸੂਰਤ ਦ੍ਰਿਸ਼ਟਾਂਤ[35] ਦਿੱਤਾ। ਉਸ ਦ੍ਰਿਸ਼ਟਾਂਤ ਦਾ ਅਸੀਂ ''ਪ੍ਰੇਮ, ਹੰਝੂ ਅਤੇ ਮਾਫ਼ੀ'' ਪਾਠ ਵਿਚ ਵਿਸਥਾਰ ਨਾਲ ਅਧਿਐਨ ਕਰਾਂਗੇ। ਯਿਸੂ ਨੇ ਸਮਝਾਇਆ ਕਿ ਉਸ ਫ਼ਰੀਸੀ ਵਾਂਗ ਆਪਣੀਆਂ ਰੂਹਾਨੀ ਲੋੜਾਂ ਪ੍ਰਤੀ ਅਚੇਤ ਆਦਮੀ ''ਘੱਟ ਪਿਆਰ ਕਰਦਾ'' ਹੈ। ਇਸ ਦੇ ਉਲਟ ਜਿਸ ਔਰਤ ਨੇ ਪਾਪ ਕੀਤਾ ਸੀ, ਉਸ ਨੇ ਇਹ ਸਮਝਿਆ ਕਿ ਉਹ ਆਪਣੇ ਪਾਪ ਦਾ ਕਰਜ਼ਾ ਲਾਹੁਣ ਦੇ ਕਾਬਲ ਨਹੀਂ ਹੈ। ਇਸ ਲਈ ਜਦ ਉਸਨੂੰ ਮਾਫ਼ ਕੀਤਾ ਗਿਆ, ਤਾਂ ਉਸ ਨੇ ''ਪਿਆਰ ਬਹੁਤ ਕੀਤਾ'' (ਆਇਤ 47)।

ਕੀ ਤੁਸੀਂ ਕਦੇ ਆਪਣੇ ਆਪ ਤੇ ਕਾਬੂ ਪਾਉਣ ਦੀ ਕੋਸ਼ਿਸ਼ ਕੀਤੀ ਹੈ? ਕੀ ਤੁਸੀਂ ਕਦੇ ਕਿਸੇ ਆਪਣੀ ਗੱਲ ਜਾਂ ਕੰਮ ਲਈ ਰਾਤ ਭਰ ਬੇਚੈਨ ਰਹੇ ਹੋ? ਕੀ ਤੁਸੀਂ ਕਦੇ ਦੋਸ਼ ਲਾਉਣ ਵਾਲੇ ਜ਼ਮੀਰ ਦੀ ਤਕਲੀਫ਼ ਝੱਲੀ ਹੈ? ਯਕੀਨਨ ਤੁਸੀਂ ਝੱਲੀ ਹੈ। ਅਸੀਂ *ਸਾਰੇ* ਪਾਪੀ ਹਾਂ (ਰੋਮੀਆਂ 3:23), ਜੋ ਆਪਣੇ ਪਾਪ ਦਾ ਕਰਜ਼ਾ ਲਾਹੁਣ ਦੇ ਕਾਬਲ ਨਹੀਂ ਹਾਂ (ਰੋਮੀਆਂ 6:23)। ਇਹ ਜਾਣਨਾ ਅਦਭੁਤ ਹੈ ਕਿ ਸਾਡੀਆਂ ਜ਼ਿੰਦਗੀਆਂ ਵਿਚ ਪਾਪ ਆਉਣ ਤੇ ਯਿਸੂ ਨੂੰ ਸਾਡਾ ਧਿਆਨ ਹੁੰਦਾ ਹੈ ਅਤੇ ਉਸ ਨੂੰ ਸਾਡੀ ਪਰਵਾਹ ਹੁੰਦੀ ਹੈ। ਇਹ ਅਹਿਸਾਸ ਕਰਨਾ ਅਦਭੁਤ ਹੈ ਕਿ ਜੇ ਅਸੀਂ ਪਾਪਾਂ ਨੂੰ ਮੰਨ ਕੇ ਉਹਦੇ ਵੱਲ ਮੁੜ ਆਈਏ,[36] ਤਾਂ ਉਹ ਸਾਨੂੰ ਮਾਫ਼ ਕਰ ਕੇ ਅਜ਼ਾਦ ਕਰ ਦਿੰਦਾ ਹੈ (ਗਲਾਤੀਆਂ 5:1)!

ਕਿਸੇ ਵੱਡੀ ਅਜ਼ਮਾਇਸ਼ ਦਾ ਸਾਹਮਣਾ ਕਰਨ ਲਈ
ਥੱਕ ਜਾਣ ਅਤੇ ਨਾਕਾਮ ਹੋ ਜਾਣ ਤੇ ਕੀ ਯਿਸੂ ਨੂੰ ਪਰਵਾਹ ਹੁੰਦੀ ਹੈ?
ਉਦੋਂ ਜਦ ਆਪਣੇ ਗਹਿਰੇ ਦੁੱਖ ਵਿਚ ਮੈਨੂੰ ਕੋਈ ਚੈਨ ਨਾ ਮਿਲਦਾ ਹੋਵੇ,
ਰਾਤ ਭਰ ਮੇਰੇ ਅੱਥਰੂ ਵਗੇ ਹੋਣ ਤੇ?

ਹਾਂ, ਉਹਨੂੰ ਪਰਵਾਹ ਹੁੰਦੀ ਹੈ; ਮੈਨੂੰ ਪਤਾ ਹੈ ਉਹ ਪਰਵਾਹ ਕਰਦਾ ਹੈ,
ਉਹਦਾ ਦਿਲ ਮੇਰੇ ਦੁੱਖ ਨਾਲ ਦੁਖੀ ਹੁੰਦਾ ਹੈ;

ਜਦ ਦਿਨ ਲੰਘਦੇ ਨਹੀਂ ਅਤੇ ਰਾਤਾਂ ਕੱਟਣੀਆਂ ਔਖੀਆਂ ਹੁੰਦੀਆਂ ਹਨ,
ਮੈਂ ਜਾਣਦਾ ਹਾਂ ਮੇਰੇ ਮੁਕਤੀਦਾਤੇ ਨੂੰ ਮੇਰੀ ਪਰਵਾਹ ਹੁੰਦੀ ਹੈ।

## ਸਾਰ

ਇਸ ਪਾਠ ਵਿਚ ਸਾਨੂੰ ਇਸ ਤੱਥ ਦੇ ਕਿ ਯਿਸੂ ਸਾਡੀ ਪਰਵਾਹ ਕਰਦਾ ਹੈ, ਅਸੀਂ ਚਾਰ ਉਦਾਹਰਨਾਂ ਵੇਖੀਆਂ: ਯਿਸੂ ਪਰਵਾਹ ਕਰਦਾ ਹੈ, ਜਦ ਬੀਮਾਰੀ ਸਾਡੇ ਘਰਾਂ ਤੇ ਹਮਲਾ ਕਰਦੀ ਹੈ; ਜਦ ਮੌਤ ਸਾਡੇ ਦਿਲ ਤੋੜਦੀ ਹੈ; ਜਦ ਸ਼ੱਕ ਸਾਡੇ ਮਨਾਂ ਨੂੰ ਚੀਰਦਾ ਹੈ; ਸਾਡੀਆਂ ਜ਼ਿੰਦਗੀਆਂ ਵਿਚ ਪਾਪ ਭਰ ਜਾਣ ਤੇ ਵੀ ਯਿਸੂ ਨੂੰ ਪਰਵਾਹ ਹੁੰਦੀ ਹੈ। ਪਤਰਸ ਨੇ ਲਿਖਿਆ ਹੈ: ''ਸੋ ਆਪਣੇ ਆਪ ਨੂੰ ਪਰਮੇਸ਼ੁਰ ਦੇ ਬਲਵੰਤ ਹੱਥ ਦੇ ਹੇਠ ਨੀਵਿਆਂ ਕਰੋ ਭਈ ਉਹ ਤੁਹਾਨੂੰ ਵੇਲੇ ਸਿਰ ਉੱਚਿਆਂ ਕਰੇ। ਅਤੇ ਆਪਣੀ ਸਾਰੀ ਚਿੰਤਾ ਓਸ ਉੱਤੇ ਸੁੱਟ ਛੱਡੋ *ਕਿਉਂ ਜੋ ਉਹ ਨੂੰ ਤੁਹਾਡਾ ਧਿਆਨ ਹੈ''* (1 ਪਤਰਸ 5:6, 7)।

ਮੈਂ ਇਸ ਪਾਠ ਦੀ ਆਖ਼ਰੀ ਕਹਾਣੀ ਦੀ ਆਮ ਪ੍ਰਸੰਗਿਕਤਾ ਬਣਾਉਂਦਾ ਹਾਂ: ਜਿਨ੍ਹਾਂ ਨੂੰ ਇਹ ਸਮਝ ਆ ਜਾਂਦਾ ਹੈ ਕਿ ਯਿਸੂ ਨੂੰ ਉਸ ਦੀ ਕਿੰਨੀ ਪਰਵਾਹ ਹੈ: ਅਤੇ ਉਸ ਨੇ ਉਨ੍ਹਾਂ ਲਈ ਕਿੰਨਾ ਕੁਝ ਕੀਤਾ ਹੈ, ਉਹ ਉਸ ਨੂੰ ਓਨਾ ਹੀ ਪਿਆਰ ਕਰਨਗੇ ਅਤੇ ਸ਼ੁਕਰਗੁਜ਼ਾਰੀ *ਵਿਖਾਉਣਗੇ।* ਪ੍ਰਭੂ ਨੇ ਸਾਡੇ ਤੇ ਆਪਣੀਆਂ ਬਕਰਤਾਂ ਦੀ ਬਾਰਿਸ਼ ਕੀਤੀ ਹੈ। ਕੀ ਅਸੀਂ ਉਸ ਨੂੰ ਪਿਆਰ ਕਰਦੇ ਹਾਂ? ਕੀ ਅਸੀਂ ਉਸ ਪਿਆਰ ਨੂੰ *ਵਿਖਾ ਰਹੇ* ਹਾਂ?

---

ਟਿੱਪਣੀਆਂ

[1]ਮੈਂ ਇਸ ਦ੍ਰਿਸ਼ ਦੀ ਕਲਪਨਾ ਕਰ ਸਕਦਾ ਹਾਂ, ਜਿਸ ਵਿਚ ਇਕ ਬੰਦਾ ਕਹਿ ਰਿਹਾ ਸੀ, ''ਸ਼ਹਿਰ ਵਿਚ ਜਲੂਸ ਨਿੱਕਲ ਰਿਹਾ ਹੈ!'' ਅਤੇ ਦੂਜਾ ਜਵਾਬ ਦੇ ਰਿਹਾ ਸੀ, ''ਨਹੀਂ ਇਹ ਤਾਂ ਯਿਸੂ ਸ਼ਹਿਰ ਵਿਚ ਫੇਰ ਆਇਆ ਹੈ।'' [2]ਯਿਸੂ ਦੀ ਜ਼ਿੰਦਗੀ ਦੇ ਇਸ ਭਾਗ ਦਾ ਇਹ ਢੰਗ ਰਿਚਰਡ ਰੋਜਰਸ ਅਤੇ ਹੋਰਨਾਂ ਦੇ ਲੇਖਾਂ ਸਣੇ ਕਈ ਥਾਂ ਪਾਇਆ ਜਾਂਦਾ ਹੈ। ਮੈਨੂੰ ਨਹੀਂ ਪਤਾ ਕਿ ਇਸ ਦਾ ਅਰੰਭ ਕਿਸ ਨੇ ਕੀਤਾ ਸੀ। [3]ਮੱਤੀ ਦੇ ਵਿਰਤਾਂਤ ਮੁਤਾਬਕ ਸੰਕੇਤ ਮਿਲਦਾ ਹੈ ਕਿ ਸੂਬੇਦਾਰ ਨੇ ਸਿੱਧੇ ਯਿਸੂ ਨਾਲ ਹੀ ਗੱਲ ਕੀਤੀ, ਜਦ ਕਿ ਲੂਕਾ ਮੁਤਾਬਕ ਉਸ ਨਾਲ ਗੱਲ ਕਰਨ ਬੰਦਿਆਂ ਨੂੰ ਭੇਜਿਆ। ਹੋ ਸਕਦਾ ਹੈ ਦੋਵੇਂ ਸਹੀ ਹੋਣ, ਜਾਂ ਹੋ ਸਕਦਾ ਹੈ ਸੂਬੇਦਾਰ ਨੇ, ਜੋ ਆਪਣੇ ਆਪ ਨੂੰ ਅਯੋਗ ਸਮਝਦਾ ਸੀ ਭੇਜੇ ਗਏ ਲੋਕਾਂ ਦੇ ਰਾਹੀਂ ਮਸੀਹ ਨਾਲ ਗੱਲ ਕੀਤੀ। [4]ਦੋਹਾਂ ਘਟਨਾਵਾਂ ਵਿਚ ਕੁਝ ਸਮਾਨਤਾਵਾਂ ਹਨ, ਖ਼ਾਸ ਕਰ ਦੂਰੋਂ ਚੰਗਿਆਈ ਦੇਣ ਦੇ ਪਹਿਲੂ ਤੋਂ। [5]''ਸੂਬੇਦਾਰ'' ਦੇ ਤੌਰ ਤੇ ਉਹਦੀ ਜ਼ਿੰਮੇਵਾਰੀ ਇਕ ਸੌ ਸਿਪਾਹੀਆਂ ਉੱਤੇ ਸੀ। [6]ਪਹਿਲੀ ਸਦੀ ਦੇ ਸਿਨਾਗੋਗ ਦੇ ਕੁਝ ਖੰਡਰ ਅੱਜ ਵੀ ਕਫ਼ਰਨਾਹੂਮ ਵਿਚ ਵੇਖੇ ਜਾ ਸਕਦੇ ਹਨ। [7]ਖ਼ੁਦਾ ਦਾ ਖ਼ੌਫ਼ ਰੱਖਣ ਵਾਲਾ ਬੰਦਾ ਸੱਚੇ ਖ਼ੁਦਾ ਵਿਚ ਯਕੀਨ ਰੱਖਦਾ ਸੀ, ਪਰ ਯਹੂਦੀ ਪੰਥ ਵਿਚ ਆਉਣ ਲਈ ਉਸ ਦੀ ਸੁੰਨਤ ਨਹੀਂ ਹੋਈ ਸੀ। [8]ਸੂਬੇਦਾਰ ਦਾ ਵਿਸ਼ਵਾਸ ਵੇਖ ਕੇ ਅਜਿਹੀ ਨਬੂਵਤ ਹੋਈ ਕਿ ਬਹੁਤ ਸਾਰੇ ਗੈਰਕੌਮ ਲੋਕ (''ਪੂਰਬ ਅਤੇ ਪੱਛਮ ਦੇ'') ਮਸੀਹ ਦੇ ਰਾਜ ਵਿਚ ਆਉਣੇ ਸਨ, ਜਦ ਕਿ ਬਹੁਤ ਸਾਰੇ ਯਹੂਦੀ (''ਰਾਜ ਦੀ ਸੰਤਾਨ'') ਨਹੀਂ ਬਣਨੇ ਸਨ (ਮੱਤੀ 8:11, 12)। [9]ਫ੍ਰੈਂਕ ਈ. ਗ੍ਰੇਫ਼, ''ਡਜ਼ ਜੀਜ਼ਸ ਕੇਅਰ?'' *ਸੌਂਗਜ਼ ਆਫ਼ ਫ਼ੇਥ ਐਂਡ ਪ੍ਰੇਜ਼,* ਸੰਕ. ਅਤੇ ਸੰਪਾ., ਆਲਟਨ ਐੱਚ. ਹੌਵਰਡ (ਵੈਸਟ ਮੋਨਰੋ, ਲੁਈਸਿਆਨਾ: ਹੌਵਰਡ ਪਬਲਿਸ਼ਿੰਗ ਕੰ., 1994)। [10]ਕੁਝ ਹੱਥ ਲਿਖਤਾਂ ਵਿਚ ''ਅਗਲੇ ਦਿਨ'' ਹੈ। KJV ਵਿਚ ''ਦਿਨ ਬਾਅਦ'' ਹੈ।

[11]''ਯਿਸੂ ਦੀ ਸੇਵਕਾਈ ਦੌਰਾਨ ਫ਼ਲਸਤੀਨ'' ਵਾਲਾ ਨਕਸ਼ਾ ਵੇਖੋ। [12]ਯੂਨਾਨੀ ਸ਼ਬਦ ਦਾ ਅਨੁਵਾਦ ''ਸਿੜ੍ਹੀ'' ਲੱਕੜ ਦਾ ਫੱਟਾ ਵੀ ਹੋ ਸਕਦਾ ਹੈ, ਜਿਸ ਤੇ ਰੱਖ ਕੇ ਲਾਸ਼ ਲਿਜਾਈ ਜਾਂਦੀ ਸੀ (''ਅਰਥੀ''; ਵੇਖੋ KJV)। ਕਈਆਂ ਦਾ ਮੰਨਣਾ ਹੈ ਕਿ ਯਹੂਦੀ ਲੋਕ ਅਰਥੀਆਂ ਦੀ ਵਰਤੋਂ ਨਹੀਂ ਕਰਦੇ ਸਨ। [13]ਭੀੜ ਤੇ ਪ੍ਰਭਾਵ

ਇਹ ਸੁਝਾਅ ਦਿੰਦਾ ਹੈ ਕਿ ਇਹ ਘਟਨਾ ਯਿਸੂ ਦੇ ਕਿਸੇ ਨੂੰ ਪਹਿਲੀ ਵਾਰ ਜ਼ਿੰਦਾ ਕਰਨ ਦੀ ਸੀ। ਏਲੀਯਾਹ ਅਤੇ ਅਲੀਸ਼ਾ ਦੀਆਂ ਸੇਵਕਾਈਆਂ ਦੌਰਾਨ ਮੁਰਦਿਆਂ ਨੂੰ ਜ਼ਿੰਦਾ ਕੀਤਾ ਗਿਆ ਸੀ (1 ਰਾਜਿਆਂ 17:17–24; 2 ਰਾਜਿਆਂ 4:32–37), ਪਰ ਉਹ ਯਿਸੂ ਦੇ ਸਮੇਂ ਤੋਂ ਬਹੁਤ ਪੁਰਾਣੀ ਗੱਲ ਸੀ। [14]ਪਤਰਸ ਜੋ ਬੀਮਾਰਾਂ ਨੂੰ ਚੰਗਾ ਕਰ ਸਕਦਾ ਸੀ (ਰਸੂਲਾਂ ਦੇ ਕੰਮ 9:32–35), ਉਹ ਵੀ ਮੁਰਦਿਆਂ ਨੂੰ ਜ਼ਿੰਦਾ ਕਰ ਸਕਦਾ ਸੀ (ਰਸੂਲਾਂ ਦੇ ਕੰਮ 9:36–43)। [15]ਲੂਕਾ 7:17 ਵਿਚ ‘‘ਯਹੂਦੀਆ’’ ਤੋਂ ਭਾਵ ‘‘ਯਹੂਦੀਆਂ ਦਾ ਦੇਸ਼’’ (ਭਾਵ ਫ਼ਲਸਤੀਨ) ਵੀ ਹੋ ਸਕਦਾ ਹੈ ਅਤੇ ਯਹੂਦੀਆ ਦਾ ਇਲਾਕਾ ਵੀ। ਜੋ ਵੀ ਹੋਵੇ, ਇਸ ਸਭ ਵਿਚ ਯਹੂਦੀਆ ਦਾ ਇਲਾਕਾ ਸ਼ਾਮਿਲ ਹੈ। [16]‘‘ਯਿਸੂ ਦੀ ਸੇਵਕਾਈ ਦੌਰਾਨ ਫ਼ਲਸਤੀਨ’’ ਦਾ ਨਕਸ਼ਾ ਵੇਖੋ। [17]ਇਹ ਤੱਥ ਕਿ ਯੂਹੰਨਾ ਦਾ ਆਪਣੇ ਚੇਲਿਆਂ ਨਾਲ ਸੰਪਰਕ ਸੀ, ਸੁਝਾਅ ਦਿੰਦਾ ਹੈ ਕਿ ਉਹਨੂੰ ਵੀ ਕੁਝ ਅਜਿਹੇ ਹੱਕ ਮਿਲੇ ਸਨ, ਜਿਵੇਂ ਕੈਸਰੀਆ ਵਿਚ ਕੈਦੀ ਬਣਾਏ ਜਾਣ ਵੇਲੇ ਪੌਲੁਸ ਨੂੰ ਸਨ (ਰਸੂਲਾਂ ਦੇ ਕੰਮ 24:23)। [18]ਕੁਹਾੜੇ ਨਾਲ ਵੱਢਣ ਅਤੇ ਪਿੜ ਨੂੰ ਸਾਫ਼ ਕਰਨ ਦੀਆਂ ਯੂਹੰਨਾ ਦੀਆਂ ਭਵਿੱਖਬਾਣੀਆਂ ਕੁਝ ਹੱਦ ਤਕ ਯਰੂਸ਼ਲਮ ਦੀ ਬਰਬਾਦੀ ਵੇਲੇ ਪੂਰੀਆਂ ਹੋ ਗਈਆਂ। ਉਨ੍ਹਾਂ ਦਾ ਪੂਰੀ ਤਰ੍ਹਾਂ ਪੂਰਾ ਹੋਣਾ ਨਿਆਂ ਵਾਲੇ ਦਿਨ ਹੋਵੇਗਾ। [19]ਮੱਤੀ 11:12 ਵਿਚ ਯਿਸੂ ਦੇ ਗੂੜ੍ਹ ਅਰਥ ਵਾਲੇ ਸ਼ਬਦ ਯੂਹੰਨਾ ਅਤੇ ਦੂਜੇ ਲੋਕਾਂ ਦੀ ਖ਼ੁਦਾ ਨੂੰ ਆਪਣੀ ਸਮੇਂ ਸੂਚੀ ਮੁਤਾਬਕ ਕੰਮ ਕਰਨ ਦੇਣ ਦੀ ਬਜਾਇ ਰਾਜ ਦੀ ਹੋਂਦ ਵਿਚ ਹੋਣ ਦੀ ਕਾਹਲ਼ੀ ਲਈ ਹੋ ਸਕਦੇ ਹਨ। [20]ਜਿੱਥੇ ਅਸੀਂ ਰਹਿੰਦੇ ਹਾਂ ਅਸੀਂ ਕਹਿ ਸਕਦੇ ਹਾਂ ਕਿ ‘‘ਜਦ ਤਕ ਅਸੀਂ ਖ਼ੁਦਾ ਦਾ ਖਾਤਾ ਬੰਦ ਨਹੀਂ ਕਰਦੇ, ਤਦ ਤਕ ਉਹ ਸਾਡਾ ਖ਼ਾਤਾ ਬੰਦ ਨਹੀਂ ਕਰਦਾ ਹੈ।’’

[21]ਜਿੱਥੋਂ ਤਕ ਸਾਨੂੰ ਪਤਾ ਹੈ, ਯਿਸੂ ਅਤੇ ਯੂਹੰਨਾ ਵਿਚਕਾਰ ਇਹ ਆਖ਼ਰੀ ਗੱਲਬਾਤ ਸੀ। ਸਾਨੂੰ ਯਿਸੂ ਦੇ ਸੰਦੇਸ਼ ਤੇ ਯੂਹੰਨਾ ਦੀ ਪ੍ਰਤੀਕ੍ਰਿਆ ਨਹੀਂ ਦੱਸੀ ਗਈ, ਪਰ ਇਹ ਤੱਥ ਕਿ ਕਈ ਸਾਲਾਂ ਬਾਅਦ, ਮੱਤੀ ਅਤੇ ਲੂਕਾ ਨੇ ਮਸੀਹ ਵੱਲੋਂ ਕੀਤੀ ਗਈ ਯੂਹੰਨਾ ਦੀ ਤਾਰੀਫ਼ ਨੂੰ ਲਿਖਿਆ ਹੈ, ਮੈਨੂੰ ਯਕੀਨ ਦੁਆਉਂਦਾ ਹੈ ਕਿ ਪ੍ਰਭੂ ਦੀ ਮਦਦ ਨਾਲ ਯੂਹੰਨਾ ਨੇ ਆਪਣੇ ਸ਼ੱਕ ਨੂੰ ਅਰਾਮ ਦੇ ਦਿੱਤਾ ਸੀ। [22]*ਦ ਮੈਨ ਜੀਜ਼ਸ* (ਗਲੈਂਡੇਲ, ਕੈਲੀਫੋਰਨੀਆ: ਰੀਗਲ ਬੁੱਕਸ ਜੀ/ਐਲ ਪਬਲਿਕੇਸ਼ੰਜ਼, 1967), 68 ਵਿਚ *ਦ ਲਿਵਿੰਗ ਗੌਸਪਲ* (ਵ੍ਹੀਟਨ, ਇਲਿਨੋਇਸ: ਟਿੰਡੇਲ ਹਾਊਸ, 1966) ਵਿੱਚੋਂ ਲਿਆ ਗਿਆ। [23]ਜੇ. ਡਬਲਯੂ. ਮੈਕਗਰਵੇ ਐਂਡ ਫ਼ਿਲਿੱਪ ਵਾਈ ਪੈਂਡਲਟਨ, *ਦ ਫੋਰਫੋਲਡ ਗੌਸਪਲ ਆਰ ਏ ਹਾਰਮਨੀ ਆਫ਼ ਦ ਫੋਰ ਗੌਸਪਲਜ਼* (ਸਿੰਸਿਨਟੀ: ਸਟੈਂਡਰਡ ਪਬਲਿਸ਼ਿੰਗ ਕੰ., 1914), 282. [24]*ਮਸੀਹ ਦੀ ਜ਼ਿੰਦਗੀ, 1* ਕਿਤਾਬ ਵਿਚ ‘‘ਨੇੜੇ ਆਇਆ ਹੈ!’’ ਪਾਠ ਵਿਚ ਇਸ ਦੀ ਚਰਚਾ ਕੀਤੀ ਗਈ ਸੀ। [25]ਮੈਕਗਰਵੇ ਐਂਡ ਪੈਂਡਲਟਨ, 283. [26]ਹਰ ਸ਼ਹਿਰ ਕਫ਼ਰਨਾਹੂਮ ਤੋਂ ਥੋੜੀ ਦੂਰ ਸੀ। ‘‘ਯਿਸੂ ਦੀ ਸੇਵਕਾਈ ਦੌਰਾਨ ਫ਼ਲਸਤੀਨ’’ ਦਾ ਨਕਸ਼ਾ ਵੇਖੋ। [27]ਜੂਲਾ ਟੀਮ ਦੇ ਰੂਪ ਵਿਚ ਕੰਮ ਕਰਨ ਵਾਲੇ ਦੋ ਜਾਨਵਰਾਂ ਨੂੰ ‘‘ਜੋਅ’’ ਕੇ U ਦੇ ਅਕਾਰ ਦੋ ਭਾਗਾਂ ਵਾਲਾ ਅਰਲਾ ਹੁੰਦਾ ਸੀ। ਸੰਸਾਰ ਦੇ ਕਈ ਭਾਗਾਂ ਵਿਚ ਅੱਜ ਵੀ ਜੂਲਾ ਵਰਤਿਆ ਜਾਂਦਾ ਹੈ; ਕਈ ਥਾਂਈਂ ਜੋਣ ਦਾ ਵੱਖਰਾ ਢੰਗ ਹੁੰਦਾ ਹੈ। ਵਚਨ ਵਿਚ ਅਣਚਾਹੇ ਬੋਝ ਲਈ ਆਮ ਕਰਕੇ ‘‘ਜੂਲਾ’’ ਸ਼ਬਦ ਵਰਤਿਆ ਗਿਆ ਹੈ (ਯਸਾਯਾਹ 9:4; ਯਿਰਮਿਯਾਹ 27:12; ਰਸੂਲਾਂ ਦੇ ਕੰਮ 15:10; ਗਲਾਤੀਆਂ 5:1; 1 ਤਿਮੋਥਿਉਸ 6:1)। ਪਰ ਯਿਸੂ ਦੀ ਉਦਾਹਰਨ ਵਿਚ ਕਹਿਣ ਦਾ ਭਾਵ ਹੈ ਕਿ ਵਿਸ਼ਵਾਸੀ ਨੂੰ *ਮਸੀਹ ਦੇ ਨਾਲ* ‘‘ਜੋਇਆ’’ ਜਾਂਦਾ ਹੈ ਅਤੇ ਭਾਰ ਦਾ ਵੱਡਾ ਹਿੱਸਾ ਮਸੀਹ ਆਪੇ ਚੁੱਕ ਲਵੇਗਾ, ਜੇ ਅਸੀਂ ਉਸ ਨੂੰ ਚੁੱਕਣ ਦਈਏ। ਇਸੇ ਕਰਕੇ ਉਸ ਨੇ ਆਖਿਆ, ਉਸ ਦਾ ਜੂਲਾ ‘‘ਹੌਲ਼ਾ’’ ਅਤੇ ਭਾਰ ‘‘ਹਲਕਾ’’ ਹੈ। [28]ਅਸੀਂ ਨਹੀਂ ਜਾਣਦੇ ਕਿ ਇਹ ਘਟਨਾ ਕਿਵੇਂ ਵਾਪਰੀ। ਲੂਕਾ 7:37 ਉਸ ‘‘ਨਗਰ’’ ਦੀ ਗੱਲ ਕਰਦਾ ਹੈ, ਪਰ ਅਸੀਂ ਨਹੀਂ ਜਾਣਦੇ ਕਿ ਨਗਰ ਕਿਹੋ ਜਿਹਾ ਹੈ। [29]ਬੀ. ਐੱਸ. ਡੀਨ, ‘‘ਬਾਈਬਲ ਇਤਿਹਾਸ ਦੀ ਰੂਪਰੇਖਾ,’’ *ਟਰੁੱਥ ਫ਼ਾਰ ਟੁਡੇ* (ਪੰਜਾਬੀ)। [30]ਵਿਸਥਾਰ ਨਾਲ ਅਧਿਐਨ ਲਈ ਇਸ ਕਿਤਾਬ ਵਿਚ ਅਗਲਾ ਪਾਠ ‘‘ਪ੍ਰੇਮ, ਅੱਥਰੂ ਅਤੇ ਮਾਫ਼ੀ’’ ਵੇਖੋ।

[31]ਦੋਵੇਂ ਦਾਅਵਤਾਂ ਸ਼ਮਊਨ ਨਾਮਕ ਆਦਮੀ ਦੇ ਘਰ ਸਨ: ਪਰ ਇਕ ਸ਼ਮਊਨ ਫ਼ਰੀਸੀ ਸੀ, ਜਦ ਕਿ ਦੂਜਾ (ਸ਼ੁੱਧ ਹੋਇਆ) ਕੋੜ੍ਹੀ। ਸ਼ਮਊਨ ਇਕ ਆਮ ਨਾਂਅ ਸੀ। ਨਵੇਂ ਨੇਮ ਵਿਚ ਨੌਂ ਸ਼ਮਊਨਾਂ ਦਾ ਜ਼ਿਕਰ ਹੈ;

ਫ਼ਲਸਤੀਨ ਵਿਚ ਹਜ਼ਾਰਾਂ ਸ਼ਮਊਨ ਹੋਣਗੇ। ਫਿਰ ਦੋਹਾਂ ਮਾਮਲਿਆਂ ਵਿਚ ਇਤਰ ਨਾਲ ਯਿਸੂ ਨੂੰ ਮਸਹ ਕੀਤਾ ਗਿਆ ਸੀ, ਪਰ ਵੱਖ ਵੱਖ ਔਰਤਾਂ ਰਾਹੀਂ ਅਤੇ ਵੱਖ ਵੱਖ ਨਤੀਜਿਆਂ ਸਣੇ। [32]ਇਹ ਸੱਚ ਹੈ ਕਿ ਇਸ ਘਟਨਾ ਦੇ ਝੱਟ ਬਾਅਦ ਮਰੀਅਮ ਮਗਦਲੀਨੀ ਦਾ ਜ਼ਿਕਰ ਹੈ (ਲੂਕਾ 8:2), ਪਰ ਉਸ ਦੀ ਪਛਾਣ ਇਕ ਅਜਿਹੀ ਜਮਾਤ ਦੇ ਮੈਂਬਰ ਦੇ ਰੂਪ ਵਿਚ ਕਰਵਾਈ ਗਈ ਹੈ ਜਿਸ ਦਾ ਪਹਿਲਾਂ ਜ਼ਿਕਰ ਨਹੀਂ ਹੋਇਆ। ਇਹ ਵੀ ਸੱਚ ਹੈ ਕਿ ਮਰੀਅਮ ਮਗਦਲੀਨੀ ਨੂੰ ਪਹਿਲਾਂ ਭੂਤ ਚੰਬੜੇ ਸਨ (ਲੂਕਾ 8:2), ਪਰ ਮੈਕਗਰਵੇ ਨੇ ਜ਼ਿਕਰ ਕੀਤਾ ਹੈ ਕਿ ''ਪਾਪ ਅਤੇ ਭੂਤ ਚੰਬੜੇ ਹੋਣ ਵਿਚ ਕੋਈ ਸਬੰਧ ਨਹੀਂ ਹੈ। ਪਾਪ ਧਾਰਮਿਕ ਵਿਹਾਰ ਦੇ ਮਾਨਤਾ ਪ੍ਰਾਪਤ ਨਿਅਮਾਂ ਪ੍ਰਤੀ ਅਪਮਾਨ ਨੂੰ ਵਿਖਾਉਂਦਾ ਹੈ, ਜਦ ਕਿ ਭੂਤ ਚੰਬੜੇ ਹੋਣਾ ਪਾਪੀ ਹੋਣ ਨੂੰ ਨਹੀਂ ਵਿਖਾਉਂਦਾ। ਇਸ ਤਕਲੀਫ਼ ਨੂੰ ਕਦੀ ਅਪਮਾਨ ਦੇ ਰੂਪ ਵਿਚ ਨਹੀਂ ਕਿਹਾ ਗਿਆ'' (ਮੈਕਗਰਵੇ ਐਂਡ ਪੈਂਡਲਟਨ, 291)। [33]ਸੰਭਾਵਿਤ ਕਾਰਣਾਂ ਤੇ ਚਰਚਾ ਲਈ ਇਸ ਤੋਂ ਅਗਲਾ ਪਾਠ ਵੇਖੋ। [34]ਕੁਝ ਹੱਥ ਲਿਖਤਾਂ ਵਿਚ ''ਇਕ ਨਬੀ'' ਹੈ। ''*ਇਕ* ਨਬੀ'' ਮਸੀਹਾ ਨੂੰ ਹੀ ਕਿਹਾ ਗਿਆ ਸੀ (ਵਿਵਸਥਾਸਾਰ 18:15)। [35]ਵਚਨ ਵਿਚ ਇਸ ਛੋਟੀ ਕਹਾਣੀ ਨੂੰ ਦ੍ਰਿਸ਼ਟਾਂਤ ਨਹੀਂ ਕਿਹਾ ਗਿਆ, ਪਰ ਆਮ ਤੌਰ ਤੇ ਇਸ ਮੰਨਿਆ ਜਾਂਦਾ ਹੈ। [36]ਇਹ ਇਸ ਤੇ ਨਿਰਭਰ ਕਰਦਾ ਹੈ ਕਿ ਤੁਹਾਡੇ ਵਿਦਿਅਰਥੀ ਕੌਣ ਹਨ, ਅਤੇ ਤੁਸੀਂ ਰੂਪ ਰੇਖਾ ਬਣਾ ਸਕਦੇ ਹੋ ਕਿ ਉਹ ਪ੍ਰਭੂ ਵੱਲ ਕਿਵੇਂ ਮੁੜ ਸਕਦੇ ਹਨ। ਜੇ ਉਹ ਅਜੇ ਮਸੀਹੀ ਨਹੀਂ ਹਨ, ਤਾਂ ਉਨ੍ਹਾਂ ਨੂੰ ਰਸੂਲਾਂ ਦੇ ਕੰਮ 2:36–38 ਦੱਸੋ। ਜੇ ਉਹ ਮਸੀਹੀ ਹਨ, ਤਾਂ ਉਨ੍ਹਾਂ ਨੂੰ ਤੌਬਾ ਕਰਨ ਅਤੇ ਆਪਣੇ ਪਾਪਾਂ ਨੂੰ ਮੰਨਣ ਲਈ ਤਿਆਰ ਹੋਣ ਲਈ ਉਤਸਾਹਿਤ ਕਰੋ (ਯੂਹੰਨਾ 1:9; ਯਾਕੂਬ 5:16; ਰਸੂਲਾਂ ਦੇ ਕੰਮ 8:22)।